# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 10.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਰਾਵੀ ਦਰਿਆ ਤੋਂ ਪਾਰਲੇ ਪਿੰਡਾਂ ਦੇ ਬੱਚਿਆਂ ਦਾ ਭਵਿੱਖ ਦਾਅ 'ਤੇ, ਅੱਠਵੀਂ ਤੋਂ ਬਾਅਦ ਪੜ੍ਹਨ ਲਈ ਹੋਣਾ ਪੈ ਰਿਹੈ ਖੱਜਲ



ਜਿੱਥੇ ਪੰਜਾਬ ਵਿੱਚ ਹਰੇਕ ਸਰਕਾਰ ਵੱਲੋਂ ਸਿੱਖਿਆ ਦਾ ਮਿਆਰ ਉੱਚਾ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ ਅਤੇ ਹਰ ਜਗ੍ਹਾ ਬੱਚਿਆਂ ਦੀ ਪੜ੍ਹਾਈ ਲਈ ਕਈ ਤਰ੍ਹਾਂ ਦੇ ਖਾਸ ਪ੍ਰਬੰਧ ਕਰਨ ਦਾ ਵਾਅਦਾ ਕੀਤਾ ਜਾਂਦਾ ਹੈ ਪਰ ਇਹ ਵਾਅਦੇ ਵਧੇਰੇ ਸਿਰਫ ਕਾਗਜ਼ਾਂ ਤੱਕ ਹੀ ਸੀਮਤ ਹੁੰਦੇ ਨਜ਼ਰ ਆਉਂਦੇ ਹਨ। ਜਿਸ ਦੀ ਮਿਸਾਲ ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਮਕੌੜਾ ਪੱਤਣ ਦੇ ਰਾਵੀ ਦਰਿਆ ਤੋਂ ਪਾਰਲੇ ਪਾਸੇ ਵੱਸੇ ਸੱਤ ਪਿੰਡਾਂ ਦੇ ਕਰੀਬ 40 ਤੋਂ 50 ਬੱਚਿਆਂ ਦਾ ਅੱਠਵੀਂ ਜਮਾਤ ਤੋਂ ਬਾਅਦ ਉੱਚ ਕਲਾਸਾਂ ਦੀ ਪੜ੍ਹਾਈ ਕਰਨ ਲਈ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ।ਇਸ ਸਬੰਧੀ ਗੱਲਬਾਤ ਕਰਦੇ ਹੋਏ ਰਾਵੀ ਦਰਿਆ ਤੋਂ ਪਾਰਲੇ ਪਾਸੇ ਵਸੇ ਪਿੰਡਾਂ ਦੇ ਬੱਚਿਆਂ ਨੇ 'ਜਗ ਬਾਣੀ' ਨਾਲ ਟੈਲੀਫੋਨ ਰਾਹੀਂ ਗੱਲਬਾਤ ਕਰਦੇ ਹੋਇਆ ਦੱਸਿਆ ਕਿ ਸਾਡੇ ਸੱਤ ਪਿੰਡਾਂ ਦੇ ਕਰੀਬ 40 ਤੋਂ 50 ਬੱਚੇ ਹਨ। ਜਿਨ੍ਹਾਂ ਨੂੰ ਅੱਠਵੀਂ ਜਮਾਤ ਤੋਂ ਬਾਅਦ ਪਾਰਲੇ ਪਾਸੇ ਕਿਸ਼ਤੀ ਰਾਹੀਂ ਆ ਕੇ ਪੜ੍ਹਨ ਲਈ ਮਜ਼ਬੂਰ ਹੋਣਾ ਪੈਂਦਾ ਹੈ ਪਰ ਕਿਸ਼ਤੀ ਤੇ ਆਉਣ ਜਾਣ ਵਿੱਚ ਉਹਨਾਂ ਦਾ ਸਮਾਂ ਪੜ੍ਹਨ ਨਾਲੋਂ ਜ਼ਿਆਦਾ ਲਗਦਾ ਹੈ ਅਤੇ ਕਈ ਘੰਟੇ ਅੱਤ ਦੀ ਧੁੱਪ ਵਿੱਚ ਖੜ੍ਹ ਕੇ ਕਿਸ਼ਤੀ ਦੀ ਉਡੀਕ ਕਰਨੀ ਪੈਂਦੀ ਹੈ ਜਿਸ ਕਾਰਨ ਬੱਚਿਆਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ।ਇਸ ਮੌਕੇ ਇਹਨਾਂ ਸਮੂਹ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਪ੍ਰਸ਼ਾਸਨ ਕੋਲੋਂ ਅਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਸਾਡੇ ਬੱਚਿਆਂ ਦੇ ਭਵਿੱਖ ਨੂੰ ਖੋਖਲਾ ਹੋਣ ਤੋਂ ਬਚਾਉਣ ਲਈ ਜਲਦ ਤੋਂ ਜਲਦ ਰਾਵੀ ਪਾਰਲੇ ਪਾਸੇ ਸਕੂਲ ਵਿੱਚ ਨੌਵੀਂ ਤੋਂ ਬਾਰਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਸਾਡੇ ਬੱਚਿਆਂ ਦਾ ਭਵਿੱਖ ਖ਼ਰਾਬ ਨਾ ਹੋ ਸਕੇ।

## ਹਰਿਆਣਾ ਦੇ ਸਾਬਕਾ ਖੇਡ ਮੰਤਰੀ ਸੰਦੀਪ ਸਿੰਘ ਨੂੰ ਲੱਗਾ ਵੱਡਾ ਸਦਮਾ, ਮਾਤਾ ਦਲਜੀਤ ਕੌਰ ਦਾ ਹੋਇਆ ਦੇਹਾਂਤ



ਹਰਿਆਣਾ ਦੇ ਸਾਬਕਾ ਖੇਡ ਮੰਤਰੀ ਸੰਦੀਪ ਸਿੰਘ ਨੂੰ ਵੱਡਾ ਸਦਮਾ ਲੱਗਿਆ ਹੈ। ਉਨ੍ਹਾਂ ਦੀ ਮਾਤਾ ਦਲਜੀਤ ਕੌਰ ਦਾ ਦੇਹਾਂਤ ਹੋ ਗਿਆ ਹੈ। ਦਲਜੀਤ ਕੌਰ ਦੀ ਸਿਹਤ ਬੁੱਧਵਾਰ ਸਵੇਰੇ ਅਚਾਨਕ ਵਿਗੜ ਗਈ। ਉਸ ਨੂੰ ਤੁਰੰਤ ਨੇੜਲੇ ਨਿੱਜੀ ਹਸਪਤਾਲ ਲਿਜਾਇਆ ਗਿਆ। ਜਦੋਂ ਤੱਕ ਉਹ ਉੱਥੇ ਪਹੁੰਚਿਆ ਤਾਂ ਉਸਦੀ ਮੌਤ ਹੋ ਚੁੱਕੀ ਸੀ।ਜਾਣਕਾਰੀ ਅਨੁਸਾਰ ਅੱਜ ਸਵੇਰੇ ਕਰੀਬ ਸਾਢੇ ਅੱਠ ਵਜੇ ਦਲਜੀਤ ਕੌਰ ਦੀ ਸਿਹਤ ਅਚਾਨਕ ਵਿਗੜ ਗਈ। ਪਰਿਵਾਰ ਵਾਲੇ ਉਸ ਨੂੰ ਨੇੜਲੇ ਨਿੱਜੀ ਹਸਪਤਾਲ ਲੈ ਗਏ। ਹਸਪਤਾਲ 'ਚ ਜਾਂਚ ਤੋਂ ਬਾਅਦ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਦਲਜੀਤ ਕੌਰ ਦੀ ਉਮਰ 62 ਸਾਲ ਸੀ। ਉਹ ਅੱਜ ਦਿੱਲੀ ਸਥਿਤ ਆਪਣੀ ਰਿਹਾਇਸ਼ 'ਤੇ ਸੀ।ਸੰਦੀਪ ਸਿੰਘ ਨੇ ਖੁਦ ਸੋਸ਼ਲ ਮੀਡੀਆ ਤੇ ਭਾਵੁਕ ਪੋਸਟ ਸਾਂਝੀ ਕਰਦਿਆਂ ਇਸ ਸਬੰਧੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਲਿਖਿਆ- "ਮਿਸ ਯੂ ਮੋਮ, ਮੈਂ ਅੱਜ ਜੋ ਵੀ ਹਾਂ ਤੁਹਾਡੀ ਹਰ ਇੱਕ ਅਰਦਾਸ ਕਰਕੇ ਹੀ ਹਾਂ, ਤੁਹਾਡਾ ਦੇਣ ਨਹੀਂ ਦੇ ਸਕਦਾ"। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਸ਼ਾਮ 5 ਵਜੇ ਸ਼ਾਹਬਾਦ ਮਾਰਕੰਡਾ ਦੇ ਬਰਾੜਾ ਰੋਡ 'ਤੇ ਸਥਿਤ ਗੁਰਦੁਆਰਾ ਮੰਜੀ ਸਾਹਿਬ ਨੇੜੇ ਸਥਿਤ ਸਵਰਗ ਧਾਮ ਵਿਖੇ ਹੋਵੇਗਾ।

## ਪਤੰਜਲੀ ਨੇ 14 ਉਤਪਾਦਾਂ ਦੀ ਵਿਕਰੀ 'ਤੇ ਲਗਾਈ ਰੋਕ, ਉਤਰਾਖੰਡ ਸਰਕਾਰ ਨੇ ਅਪ੍ਰੈਲ 'ਚ ਲਾਇਸੈਂਸ ਕੀਤੇ ਸੀ ਰੱਦ



ਯੋਗ ਗੁਰੂ ਬਾਬਾ ਰਾਮਦੇਵ ਦੀਆਂ ਮੁਸੀਬਤਾਂ ਘੱਟ ਹੋਣ ਦਾ ਸੰਕੇਤ ਨਹੀਂ ਦੇ ਰਹੀਆਂ ਹਨ। ਉਸ ਦੀ ਆਯੁਰਵੈਦਿਕ ਉਤਪਾਦ ਬਣਾਉਣ ਵਾਲੀ ਕੰਪਨੀ ਪਤੰਜਲੀ ਨੇ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਕਿ ਉਸ ਨੇ 14 ਉਤਪਾਦਾਂ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ, ਜਿਨ੍ਹਾਂ ਦੇ ਨਿਰਮਾਣ ਲਾਇਸੈਂਸ ਨੂੰ ਉੱਤਰਾਖੰਡ ਸਰਕਾਰ ਨੇ ਮੁਅੱਤਲ ਕਰ ਦਿੱਤਾ ਸੀ। ਦਰਅਸਲ, ਉੱਤਰਾਖੰਡ ਪ੍ਰਸ਼ਾਸ਼ਨ ਨੇ ਬਾਬਾ ਰਾਮਦੇਵ ਦੀਆਂ ਫਾਰਮਾਸਿਊਟੀਕਲ ਕੰਪਨੀਆਂ ਦੁਆਰਾ ਬਣਾਏ ਗਏ 14 ਉਤਪਾਦਾਂ ਦੇ ਨਿਰਮਾਣ ਲਾਇਸੰਸ ਨੂੰ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਬਾਰੇ ਵਾਰ-ਵਾਰ ਗੁੰਮਰਾਹਕੁੰਨ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਲਈ ਮੁਅੱਤਲ ਕਰ ਦਿੱਤਾ ਹੈ।

ਕੰਪਨੀ ਨੇ ਮੰਗਲਵਾਰ ਨੂੰ ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੂੰ ਦੱਸਿਆ ਕਿ ਉਸ ਨੇ 5,606 ਸਟੋਰਾਂ ਤੋਂ ਇਨ੍ਹਾਂ ਉਤਪਾਦਾਂ ਨੂੰ ਵਾਪਸ ਲੈਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਵੀ ਇਨ੍ਹਾਂ 14 ਉਤਪਾਦਾਂ ਨਾਲ ਸਬੰਧਤ ਸਾਰੇ ਇਸ਼ਤਿਹਾਰਾਂ ਨੂੰ ਹਟਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

ਬੈਂਚ ਨੇ ਪਤੰਜਲੀ ਆਯੁਰਵੇਦ ਲਿਮਟਿਡ ਨੂੰ ਦੋ ਹਫ਼ਤਿਆਂ ਦੇ ਅੰਦਰ ਇੱਕ ਹਲਫ਼ਨਾਮਾ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਕਿ ਕੀ ਇਸ਼ਤਿਹਾਰਾਂ ਨੂੰ ਹਟਾਉਣ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਕੀਤੀ ਗਈ ਬੇਨਤੀ ਨੂੰ ਸਵੀਕਾਰ ਕੀਤਾ ਗਿਆ ਹੈ। ਨਾਲ ਹੀ, ਕੀ ਇਨ੍ਹਾਂ 14 ਉਤਪਾਦਾਂ ਦੇ ਇਸ਼ਤਿਹਾਰ ਵਾਪਸ ਲੈ ਲਏ ਗਏ ਹਨ?ਹੁਣ ਇਸ ਮਾਮਲੇ ਦੀ ਸੁਣਵਾਈ 30 ਜੁਲਾਈ ਨੂੰ ਹੋਵੇਗੀ। ਸਿਖਰਲੀ ਅਦਾਲਤ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ) ਦੁਆਰਾ ਦਾਇਰ ਇੱਕ ਪਟੀਸ਼ਨ ਦੀ ਸੁਣਵਾਈ ਕਰ ਰਹੀ ਹੈ ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਪਤੰਜਲੀ ਕੋਵਿਡ ਟੀਕਾਕਰਨ ਮੁਹਿੰਮ ਅਤੇ ਦਵਾਈਆਂ ਦੀਆਂ ਆਧੁਨਿਕ ਪ੍ਰਣਾਲੀਆਂ ਵਿਰੁੱਧ ਮੁਹਿੰਮ ਚਲਾ ਰਹੀ ਹੈ।

ਉੱਤਰਾਖੰਡ ਰਾਜ ਲਾਇਸੈਂਸਿੰਗ ਅਥਾਰਟੀ ਨੇ ਪਹਿਲਾਂ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਪਤੰਜਲੀ ਆਯੁਰਵੇਦ ਲਿਮਟਿਡ ਅਤੇ ਦਿਵਿਆ ਫਾਰਮੇਸੀ ਦੇ 14 ਉਤਪਾਦਾਂ ਦੇ ਨਿਰਮਾਣ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤੇ ਗਏ ਹਨ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ 14 ਮਈ ਨੂੰ ਯੋਗ ਗੁਰੂ ਰਾਮਦੇਵ, ਉਨ੍ਹਾਂ ਦੇ ਸਹਿਯੋਗੀ ਬਾਲਕ੍ਰਿਸ਼ਨ ਅਤੇ ਪਤੰਜਲੀ ਆਯੁਰਵੇਦ ਲਿਮਟਿਡ ਨੂੰ ਗੁੰਮਰਾਹਕੁੰਨ ਇਸ਼ਤਿਹਾਰਾਂ ਦੇ ਮਾਮਲੇ 'ਚ ਜਾਰੀ ਕੀਤੇ ਗਏ ਮਾਣਹਾਨੀ ਨੋਟਿਸ 'ਤੇ ਆਪਣਾ ਹੁਕਮ ਸੁਰੱਖਿਅਤ ਰੱਖ ਲਿਆ ਸੀ।

## ਲਖਨਊ-ਆਗਰਾ ਐਕਸਪ੍ਰੈੱਸ ਵੇਅ 'ਤੇ ਵੱਡਾ ਹਾਦਸਾ, ਟੈਂਕਰ ਨਾਲ ਸਲੀਪਰ ਬੱਸ ਦੀ ਟੱਕਰ, 18 ਲੋਕਾਂ ਦੀ ਮੌਤ




ਉਨਾਵ ਜ਼ਿਲ੍ਹੇ ਵਿੱਚ ਬੁੱਧਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਇੱਕ ਬੱਸ ਅਤੇ ਇੱਕ ਦੁੱਧ ਦੇ ਟੈਂਕਰ ਦੀ ਟੱਕਰ ਹੋ ਗਈ। ਜਾਣਕਾਰੀ ਮੁਤਾਬਕ ਲਖਨਊ-ਆਗਰਾ ਐਕਸਪ੍ਰੈੱਸਵੇਅ 'ਤੇ ਬਿਹਾਰ ਦੇ ਸ਼ਿਵਗੜ੍ਹ ਤੋਂ ਦਿੱਲੀ ਜਾ ਰਹੀ ਇੱਕ ਸਲੀਪਰ ਬੱਸ ਬੇਹਟਾ ਮੁਜਾਵਰ ਥਾਣਾ ਖੇਤਰ 'ਚ ਹਵਾਈ ਪੱਟੀ 'ਤੇ ਇਕ ਟੈਂਕਰ ਨਾਲ ਟਕਰਾ ਗਈ। ਐਕਸਪ੍ਰੈੱਸ ਵੇਅ 'ਤੇ ਖੱਬੇ ਪਾਸੇ ਤੋਂ ਦੁੱਧ ਦੇ ਟੈਂਕਰ ਨੂੰ ਓਵਰਟੇਕ ਕਰਦੇ ਸਮੇਂ ਇਹ ਹਾਦਸਾ ਵਾਪਰਿਆ।

ਇਸ ਹਾਦਸੇ ਵਿੱਚ ਦੋ ਔਰਤਾਂ ਅਤੇ ਇੱਕ ਦਸ ਸਾਲ ਦੇ ਬੱਚੇ ਸਮੇਤ 18 ਬੱਸ ਸਵਾਰਾਂ ਦੀ ਮੌਤ ਹੋ ਗਈ ਹੈ। ਕਰੀਬ 20 ਯਾਤਰੀ ਗੰਭੀਰ ਰੂਪ ਨਾਲ ਜ਼ਖਮੀ ਹਨ। ਬੱਸ 'ਚ ਬੱਚਿਆਂ ਸਮੇਤ 100 ਦੇ ਕਰੀਬ ਯਾਤਰੀ ਬੈਠੇ ਸਨ। ਮੁੱਖ ਮੰਤਰੀ ਯੋਗੀ ਨੇ ਹਾਦਸੇ ਦਾ ਨੋਟਿਸ ਲਿਆ ਹੈ। ਉਨ੍ਹਾਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਅਧਿਕਾਰੀਆਂ ਨੂੰ ਤੁਰੰਤ ਮੌਕੇ 'ਤੇ ਪਹੁੰਚ ਕੇ ਜ਼ਖਮੀਆਂ ਦਾ ਢੁੱਕਵਾਂ ਇਲਾਜ ਕਰਨ ਦੇ ਨਿਰਦੇਸ਼ ਦਿੱਤੇ ਹਨ।

ਬਿਹਾਰ ਦੇ ਸ਼ਿਓਹਰ ਤੋਂ ਦਿੱਲੀ ਜਾ ਰਹੀ ਮਹੋਬਾ ਜ਼ਿਲ੍ਹੇ ਦੀ ਟਰੈਵਲ ਕੰਪਨੀ ਦੀ ਸਲੀਪਰ ਬੱਸ ਬੁੱਧਵਾਰ ਸਵੇਰੇ ਕਰੀਬ 6 ਵਜੇ ਬੇਹਟਾ ਮੁਜਾਵਰ ਥਾਣਾ ਖੇਤਰ ਦੇ ਜੋਗੀਕੋਟ ਪਿੰਡ ਦੇ ਸਾਹਮਣੇ ਹਵਾਈ ਪੱਟੀ 'ਤੇ ਪਹੁੰਚੀ। ਲਖਨਊ ਤੋਂ ਆਗਰਾ ਵੱਲ ਜਾ ਰਹੇ ਇੱਕ ਟੈਂਕਰ ਨੂੰ ਓਵਰਟੇਕ ਕਰਦੇ ਸਮੇਂ ਬੱਸ ਟੈਂਕਰ ਨਾਲ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਸ ਅਤੇ ਟੈਂਕਰ ਦੋਵੇਂ ਹੀ ਉਡ ਗਏ। ਤੇਜ਼ ਰਫ਼ਤਾਰ ਕਾਰਨ ਬੱਸ ਦਾ ਡ੍ਰਾਈਵਰ ਸਾਈਡ ਅੱਗੇ ਤੋਂ ਪਿੱਛੇ ਤੱਕ ਨੁਕਸਾਨਿਆ ਗਿਆ। ਸੀਟਾਂ 'ਤੇ ਬੈਠੇ ਅਤੇ ਲੇਟਣ ਵਾਲੇ ਯਾਤਰੀਆਂ 'ਚੋਂ 18 ਲੋਕਾਂ ਦੀ ਮੌਤ ਹੋ ਗਈ, ਜਦਕਿ ਕਰੀਬ 20 ਲੋਕ ਜ਼ਖਮੀ ਹੋ ਗਏ।ਸੂਚਨਾ ਮਿਲਣ 'ਤੇ ਬਚਾਅ ਟੀਮ ਅਤੇ ਪੀਆਰਵੀ ਮੌਕੇ 'ਤੇ ਪਹੁੰਚ ਗਏ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਐਸਪੀ ਸਿਧਾਰਥ ਸ਼ੰਕਰ ਮੀਨਾ, ਸੀਓ ਅਰਵਿੰਦ ਕੁਮਾਰ ਪੁਲਿਸ ਫੋਰਸ ਨਾਲ ਪਹੁੰਚੇ ਅਤੇ ਸਾਰਿਆਂ ਨੂੰ ਬਾਂਗਰਮਾਊ ਸੀਐਚਸੀ ਭੇਜ ਦਿੱਤਾ। ਇਲਾਜ ਤੋਂ ਬਾਅਦ ਜ਼ਖਮੀਆਂ ਨੂੰ ਉਨਾਵ ਜ਼ਿਲਾ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਮ੍ਰਿਤਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਸੀਓ ਨੇ ਦੱਸਿਆ ਕਿ ਟਰੈਵਲ ਕੰਪਨੀ ਰਾਹੀਂ ਬੁੱਕ ਕੀਤੀਆਂ ਟਿਕਟਾਂ ਦੇ ਆਧਾਰ 'ਤੇ ਮ੍ਰਿਤਕ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਨਵੇਂ ਰਿਕਾਰਡ ਨਾਲ ਖੁੱਲ੍ਹਿਆ ਸ਼ੇਅਰ ਬਾਜ਼ਾਰ, ਸੈਂਸੈਕਸ-ਨਿਫਟੀ ਆਲ ਟਾਇਮ ਹਾਈ




ਸ਼ੇਅਰ ਬਾਜ਼ਾਰ 'ਚ ਅੱਜ ਇਕ ਵਾਰ ਫਿਰ ਸ਼ਾਨਦਾਰ ਤੇਜ਼ੀ ਦੇਖਣ ਨੂੰ ਮਿਲੀ ਹੈ। ਮੰਗਲਵਾਰ ਨੂੰ ਵੀ ਸ਼ੇਅਰ ਬਾਜ਼ਾਰ ਸਭ ਤੋਂ ਉੱਚੇ ਪੱਧਰ 'ਤੇ ਖੁੱਲ੍ਹਿਆ ਸੀ। ਅੱਜ ਵੀ ਬਾਜ਼ਾਰ ਨੇ ਆਪਣੀ ਗਤੀ ਬਰਕਰਾਰ ਰੱਖੀ ਹੈ। ਜੁਲਾਈ 'ਚ ਪੇਸ਼ ਹੋਣ ਵਾਲੇ ਆਮ ਬਜਟ ਤੋਂ ਪਹਿਲਾਂ ਬਾਜ਼ਾਰ 'ਚ ਆਈ ਜ਼ਬਰਦਸਤ ਉਛਾਲ ਤੋਂ ਨਿਵੇਸ਼ਕ ਕਾਫੀ ਖੁਸ਼ ਹਨ। ਅੱਜ ਸੈਂਸੈਕਸ ਨੇ ਇੱਕ ਵਾਰ ਫਿਰ ਆਪਣੇ ਸਭ ਤੋਂ ਉੱਚੇ ਪੱਧਰ ਨੂੰ ਛੂਹ ਲਿਆ ਹੈ। BSE ਦਾ ਸਭ ਤੋਂ ਉੱਚਾ ਪੱਧਰ 80,481.36 ਹੈ। ਸ਼ੁਰੂਆਤੀ ਕਾਰੋਬਾਰ 'ਚ ਸੈਂਸੈਕਸ 129.72 ਅੰਕ ਜਾਂ 0.16 ਫੀਸਦੀ ਦੇ ਵਾਧੇ ਨਾਲ 80,481.36 'ਤੇ ਕਾਰੋਬਾਰ ਕਰ ਰਿਹਾ ਹੈ। ਨਿਫਟੀ ਵੀ 26.65 ਅੰਕ ਜਾਂ 0.11 ਫੀਸਦੀ ਦੇ ਵਾਧੇ ਨਾਲ 24,459.85 'ਤੇ ਪਹੁੰਚ ਗਿਆ ਹੈ।

ਸ਼ੇਅਰ ਬਾਜ਼ਾਰ 'ਚ ਲਗਾਤਾਰ ਵਾਧੇ ਤੋਂ ਬਾਅਦ, BSE ਦਾ M-ਕੈਪ 15,875,662.59 ਰੁਪਏ ($5.41 ਟ੍ਰਿਲੀਅਨ) 'ਤੇ ਪਹੁੰਚ ਗਿਆ ਹੈ। ਜੂਨ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਨਿਫਟੀ 16 ਵਾਰ ਆਪਣੇ ਸਭ ਤੋਂ ਉੱਚੇ ਪੱਧਰ 'ਤੇ ਬੰਦ ਹੋਇਆ ਹੈ। ਜਦਕਿ ਸੈਂਸੈਕਸ 27 ਵਾਰ ਸਭ ਤੋਂ ਉੱਚੇ ਪੱਧਰ ਨੂੰ ਛੂਹ ਚੁੱਕਾ ਹੈ। ਅੱਜ 13 ਵਿੱਚੋਂ ਸੱਤ ਸੈਕਟਰਾਂ ਵਿੱਚ ਗਿਰਾਵਟ ਦੇਖੀ ਗਈ ਹੈ। ਸਭ ਤੋਂ ਵੱਡੀ ਗਿਰਾਵਟ ਵਿੱਤ ਅਤੇ ਬੈਂਕਿੰਗ ਖੇਤਰ ਵਿੱਚ ਆਈ ਹੈ।ਅੱਜ ਦੇ ਟਾਪ ਸਟਾਕ ਮਾਰੂਤੀ ਸੁਜ਼ੂਕੀ ਇੰਡੀਆ, NTPC, ਅਡਾਨੀ ਪੋਰਟ, ਟਾਈਟਨ, ਬਜਾਜ ਫਾਈਨਾਂਸ, ਨੇਸਲੇ ਦੇ ਸ਼ੇਅਰ ਲਾਭ ਦੇ ਨਾਲ ਕਾਰੋਬਾਰ ਕਰ ਰਹੇ ਹਨ, ਜਦਕਿ ਦੂਜੇ ਪਾਸੇ ਰਿਲਾਇੰਸ ਇੰਡਸਟਰੀਜ਼, ਐੱਚ. ਡੀ. ਐੱਫ. ਸੀ. ਬੈਂਕ, ਐੱਚ. ਸੀ. ਐੱਲ., ਆਈ. ਸੀ. ਆਈ. ਸੀ. ਆਈ. ਬੈਂਕ, ਐੱਸ. ਬੀ. ਆਈ., ਐਕਸਿਸ ਬੈਂਕ ਦੇ ਸ਼ੇਅਰ ਘਾਟੇ ਨਾਲ ਕਾਰੋਬਾਰ ਕਰ ਰਹੇ ਹਨ।

## ਪੰਜਾਬ 'ਚ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ 'ਤੇ ਨਹੀਂ ਰੋਕੇਗੀ ਪੁਲਿਸ, ਸਰਕਾਰ ਵੱਲੋਂ ਸਖਤ ਹੁਕਮ ਜਾਰੀ



ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ ਜ਼ਖਮੀ ਹੋਏ ਲੋਕਾਂ ਨੂੰ ਹਸਪਤਾਲਾਂ ਵਿੱਚ ਪਹੁੰਚਾਉਣ ਵਾਲੇ ਸਹਾਇਕਾਂ ਨੂੰ ਹੁਣ ਕੋਈ ਪੁਲਿਸ ਮੁਲਾਜ਼ਮ ਵੱਲੋਂ ਕਾਰਵਾਈ ਕਰਨ ਤੋਂ ਨਹੀਂ ਰੋਕੇਗਾ ਜਾਵਾਗੇ। ਨਾ ਹੀ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਨਾਲ ਪ੍ਰੇਸ਼ਾਨ ਕੀਤਾ ਜਾਵੇਗਾ। ਇਹ ਹੁਕਮ ਪੰਜਾਬ ਪੁਲਿਸ ਵੱਲੋਂ ਸਾਰੇ ਜ਼ਿਲ੍ਹਿਆਂ ਦੇ ਐਸਐਸਪੀ ਅਤੇ ਕਮਿਸ਼ਨਰ ਨੂੰ ਜਾਰੀ ਕੀਤੇ ਗਏ ਹਨ। ਜ਼ਖਮੀਆਂ ਦੀ ਮਦਦ ਕਰਨ ਵਾਲੇ ਵਿਅਕਤੀਆਂ ਨੂੰ ਫਰਿਸ਼ਤੇ ਸਕੀਮ ਤਹਿਤ ਇੱਕ ਹਜ਼ਾਰ ਰੁਪਏ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।ਰਾਜ ਵਿੱਚ ਸੜਕ ਹਾਦਸਿਆਂ ਵਿੱਚ ਜ਼ਖਮੀ ਹੋਏ ਲੋਕਾਂ ਨੂੰ ਤੁਰੰਤ ਮਦਦ ਮਿਲਣ ਨੂੰ ਯਕੀਨੀ ਬਣਾਉਣ ਲਈ ਸਰਕਾਰ ਬਹੁਤ ਗੰਭੀਰ ਹੈ। ਇੱਕ ਪਾਸੇ ਸੜਕ ਸੁਰੱਖਿਆ ਫੋਰਸ ਬਣਾਈ ਗਈ ਹੈ। ਇਸ ਦੇ ਨਾਲ ਹੀ ਹਸਪਤਾਲਾਂ ਵਿੱਚ ਜ਼ਖਮੀਆਂ ਦਾ ਮੁਫਲਾ ਇਲਾਜ ਵੀ ਮੁਫਤ ਕੀਤਾ ਗਿਆ ਹੈ। ਪਰ ਅਫਸਰਾਂ ਦੇ ਧਿਆਨ ਵਿੱਚ ਇਹ ਆ ਗਿਆ ਸੀ ਕਿ ਲੋਕ ਹਾਦਸਿਆਂ ਵਿੱਚ ਜ਼ਖਮੀ ਹੋਏ ਲੋਕਾਂ ਦੀ ਮਦਦ ਕਰਨਾ ਚਾਹੁੰਦੇ ਹਨ। ਪਰ ਪੁਲਿਸ ਕਾਰਵਾਈ ਜਾਂ ਜਾਂਚ ਆਦਿ ਕਾਰਨ ਲੋਕ ਇਸ ਕੰਮ ਤੋਂ ਪਿੱਛੇ ਹਟ ਜਾਂਦੇ ਹਨ। ਇਸ ਕਾਰਨ ਇਹ ਕਦਮ ਚੁੱਕਿਆ ਗਿਆ ਹੈ।ਇਸ ਤੋਂ ਪਹਿਲਾਂ ਪੰਜਾਬ ਵਿੱਚ ਰੋਜ਼ਾਨਾ 13 ਲੋਕ ਸੜਕ ਹਾਦਸਿਆਂ ਵਿੱਚ ਮਰਦੇ ਸਨ। ਪਰ ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਇਸ ਦਿਸ਼ਾ ਵਿੱਚ ਸੁਧਾਰ ਲਈ ਕੰਮ ਸ਼ੁਰੂ ਕਰ ਦਿੱਤਾ। ਪੰਜਾਬ ਭਰ ਦੀਆਂ ਸੜਕਾਂ ਦਾ ਸਰਵੇਖਣ ਕਰਕੇ ਹਾਦਸਿਆਂ ਵਾਲੇ ਖੇਤਰਾਂ ਦੀ ਜਾਂਚ ਕੀਤੀ ਗਈ। ਇਸ ਤੋਂ ਬਾਅਦ ਉਨ੍ਹਾਂ ਖਾਮੀਆਂ ਨੂੰ ਸੁਧਾਰਿਆ ਗਿਆ। ਫਿਰ ਰੋਡ ਸੇਫਟੀ ਫੋਰਸ ਬਣਾਈ ਗਈ। ਇਸ ਦੇ ਨਾਲ ਹੀ ਹਸਪਤਾਲਾਂ ਵਿੱਚ ਸਹੂਲਤਾਂ ਵਧਾ ਦਿੱਤੀਆਂ ਗਈਆਂ ਹਨ। ਇਸ ਤੋਂ ਬਾਅਦ ਹਾਲਤ 'ਚ ਸੁਧਾਰ ਹੋਣਾ ਸ਼ੁਰੂ ਹੋ ਗਿਆ ਹੈ।

## ਪਿੰਡ ਅਮੁਪੁਰ 'ਚ 4 ਸਿੱਖ ਪਰਿਵਾਰਾਂ ਦੇ ਪ੍ਰਸ਼ਾਸਨ ਵੱਲੋਂ ਤੋੜੇ ਗਏ ਘਰ,SGPC ਵੱਲੋਂ 1-1 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ



ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਕਰਨਾਲ ਜ਼ਿਲ੍ਹੇ ਦੇ ਅਮੁਪੁਰ ਪਿੰਡ ਵਿਖੇ ਦੇਸ਼ ਵੰਡ ਸਮੇਂ ਲਹਿੰਦੇ ਪੰਜਾਬ ਤੋਂ ਉੱਜੜ ਕੇ ਹਰਿਆਣਾ ਵਿੱਚ ਵੱਸੇ ਚਾਰ ਸਿੱਖ ਪਰਿਵਾਰਾਂ ਦੇ ਘਰ ਢਾਹੁਣ ਦੀ ਕਾਰਵਾਈ ਦਾ ਨੋਟਿਸ ਲੈਂਦਿਆਂ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਵਫ਼ਦ ਨੇ ਇੱਥੇ ਪੁੱਜ ਕੇ ਪੀੜ੍ਹਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਨਾਲ ਖੜ੍ਹਣ ਦੀ ਵਚਨਬੱਧਤਾ ਪ੍ਰਗਟਾਈ। ਮਾਮਲੇ ਦੀ ਸੰਜੀਦਗੀ ਨੂੰ ਵੇਖਦਿਆਂ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਕਮੇਟੀ ਗਠਤ ਕੀਤੀ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖ਼ਾਲਸਾ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤੇਜਿੰਦਰਪਾਲ ਸਿੰਘ ਲਾਡਵਾਂ ਸ਼ਾਮਲ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਵਫ਼ਦ ਨੇ ਪੀੜ੍ਹਤ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਸਿੱਖ ਸੰਸਥਾ ਉਨ੍ਹਾਂ ਦੇ ਨਾਲ ਹੈ ਅਤੇ ਸਰਕਾਰੀ ਧੱਕੇਸ਼ਾਹੀ ਤੇ ਜਬਰ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਨੇ ਪੀੜਤ ਚਾਰ ਸਿੱਖ ਪਰਿਵਾਰਾਂ ਨੂੰ ਮੁੱਢਲੇ ਤੌਰ 'ਤੇ ਇੱਕ-ਇੱਕ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਅਤੇ ਹਰਿਆਣਾ ਦੀ ਭਾਜਪਾ ਸਰਕਾਰ ਦੇ ਰਾਜ ਅੰਦਰ ਇਸ ਅਣਮਨੁੱਖੀ ਕਾਰਵਾਈ ਦੀ ਕਰੜੀ ਨਿੰਦਾ ਕਰਦਿਆਂ ਸਰਕਾਰ ਨੂੰ ਇਨ੍ਹਾਂ ਪਰਿਵਾਰਾਂ ਨਾਲ ਇਨਸਾਫ਼ ਕਰਨ ਲਈ ਆਖਿਆ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਵਫ਼ਦ ਦੀ ਅਗਵਾਈ ਕਰ ਰਹੇ ਹਰਭਜਨ ਸਿੰਘ ਮਸਾਣਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਦੇ ਆਦੇਸ਼ ਅਨੁਸਾਰ ਚਾਰੇ ਸਿੱਖ ਪਰਿਵਾਰਾਂ ਨੂੰ ਮੁੱਢਲੇ ਤੌਰ 'ਤੇ ਇੱਕ-ਇੱਕ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਇਨ੍ਹਾਂ ਸਿੱਖ ਪਰਿਵਾਰਾਂ ਨਾਲ ਹਰ ਪੱਧਰ ਉੱਤੇ ਸਹਿਯੋਗ ਕਰੇਗੀ ਅਤੇ ਅਗਾਂਹ ਵੀ ਇਨ੍ਹਾਂ ਨੂੰ ਲੋੜ ਅਨੁਸਾਰ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ ਜਾਵੇਗੀ।

## ਜਲੰਧਰ ਪੱਛਮੀ ਸੀਟ 'ਤੇ ਜ਼ਿਮਨੀ ਚੋਣ ਲਈ ਵੋਟਿੰਗ ਜਾਰੀ, 11 ਵਜੇ ਤੱਕ ਹੋਈ 23.04 ਫੀਸਦੀ ਵੋਟਿੰਗ



ਪੰਜਾਬ ਦੀ ਜਲੰਧਰ ਪੱਛਮੀ ਸੀਟ 'ਤੇ ਵਿਧਾਨ ਸਭਾ ਉਪ ਚੋਣ ਲਈ ਅੱਜ ਵੋਟਿੰਗ ਹੋ ਰਹੀ ਹੈ। ਇਸ ਸੀਟ 'ਤੇ ਕੁੱਲ 15 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਭਾਰਤੀ ਜਨਤਾ ਪਾਰਟੀ ਦੇ ਸ਼ੀਤਲ ਅੰਗੁਰਾਲ, ਆਮ ਆਦਮੀ ਪਾਰਟੀ ਦੇ ਮਹਿੰਦਰ ਭਗਤ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ, ਬਹੁਜਨ ਸਮਾਜ ਪਾਰਟੀ (ਬਸਪਾ) ਦੇ ਬਿੰਦਰ ਲੱਖਾ, ਕਾਂਗਰਸ ਦੀ ਸੁਰਿੰਦਰ ਕੌਰ ਅਤੇ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੀ ਸੁਰਜੀਤ ਕੌਰ। ਇਸ ਸੀਟ 'ਤੇ 1,71,963 ਵੋਟਰ ਹਨ। ਪ੍ਰਸ਼ਾਸਨ ਵੱਲੋਂ ਵੋਟਾਂ ਪੈਣ ਦੀ ਪ੍ਰਕਿਰਿਆ ਉਤੇ ਪੂਰੀ ਨਜਰ ਰੱਖੀ ਜਾ ਰਹੀ ਹੈ। ਜ਼ਿਲ੍ਹਾ ਚੋਣ ਅਧਿਕਾਰੀ ਖੁਦ ਬੂਥਾਂ ਦਾ ਦੌਰਾ ਕਰਕੇ ਵੋਟ ਪ੍ਰਕਿਰਿਆ ਦੇਖ ਰਹੇ ਹਨ। ਜਾਣਕਾਰੀ ਮੁਤਾਬਕ 9 ਵਜੇ ਤੱਕ 10.30 ਫੀਸਦੀ ਵੋਟਿੰਗ ਹੋ ਚੁੱਕੀ ਹੈ। ਜ਼ਿਲਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਮੁਤਾਬਕ ਵੋਟਾਂ ਪੈਣ ਦਾ ਕੰਮ ਸ਼ਾਂਤੀਪੂਰਨ ਤਰੀਕੇ ਨਾਲ ਚੱਲ ਰਿਹਾ ਹੈ।

## ਸੁਪਰੀਮ ਕੋਰਟ ਨੇ ਨਹੀਂ ਮੰਨਿਆ ਕਿ ਜੰਮੂ-ਕਸ਼ਮੀਰ 'ਚ ਸੰਵਿਧਾਨਕ ਅਦਾਰੇ ਕੰਮ ਨਹੀਂ ਕਰ ਰਹੇ



ਸੁਪਰੀਮ ਕੋਰਟ ਨੇ ਉਸ ਜਨਹਿੱਤ ਪਟੀਸ਼ਨ ਨੂੰ ਰੱਦ ਕਰ ਦਿੱਤਾ, ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਜੰਮੂ-ਕਸ਼ਮੀਰ 'ਚ ਸੰਵਿਧਾਨਕ ਅਦਾਰੇ ਕੰਮ ਨਹੀਂ ਕਰ ਰਹੇ। ਇਸ ਤੋਂ ਪਹਿਲਾਂ ਕੇਂਦਰ ਸ਼ਾਸਤ ਪ੍ਰਦੇਸ਼ ਪ੍ਰਸ਼ਾਸਨ ਨੇ ਅਦਾਲਤ ਨੂੰ ਦੱਸਿਆ ਕਿ ਉਹ ਹੁਣ ਕੰਮ ਕਰ ਰਹੇ ਹਨ। ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵਰਗੇ ਕੁਝ ਅਦਾਰਿਆਂ ਦੀਆ ਸ਼ਕਤੀਆਂ ਦੀ ਵਰਤੋਂ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਹੈ। ਸਿਖਰਲੀ ਅਦਾਲਤ ਨੇ ਇਸ ਤੋਂ ਪਹਿਲਾਂ ਪੁਣੇ ਸਥਿਤ ਵਕੀਲ ਅਸੀਮ ਸੁਹਾਸ ਸਰੋਦੇ ਵੱਲੋਂ ਦਾਇਰ 2020 ਦੀ ਜਨਹਿੱਤ ਪਟੀਸ਼ਨ ਤੇ ਕੇਂਦਰ ਨੂੰ ਨੋਟਿਸ ਜਾਰੀ ਕੀਤਾ ਸੀ। ਇਸ ਤੇ ਫੈਸਲਾ ਕਰਨ ਲਈ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦੀ ਸਹਾਇਤਾ ਮੰਗੀ ਗਈ ਸੀ। ਇਹ ਦੋਸ਼ ਲਾਇਆ ਗਿਆ ਸੀ ਕਿ ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਅਦ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵਰਗੇ ਵਿਧਾਨਿਕ ਅਦਾਰੇ ਕੇਂਦਰ ਸ਼ਾਸਤ ਪ੍ਰਦੇਸ਼ ਚ ਕੰਮ ਨਹੀਂ ਕਰ ਰਹੇ। ਜਨਹਿੱਤ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਸੀ ਕਿ ਜੰਮੂ-ਕਸ਼ਮੀਰ ਰਾਜ ਮਹਿਲਾ ਕਮਿਸ਼ਨ, ਰਾਜ ਅਪਾਹਜਤਾ ਕਮਿਸ਼ਨ ਤੇ ਖਪਤਕਾਰ ਵਿਵਾਦ ਨਿਵਾਰਣ ਕਮਿਸ਼ਨ ਸਮੇਤ 7 ਅਦਾਰੇ ਗੈਰ-ਸਰਗਰਮ ਹਨ ਤੇ ਕੰਮ ਨਹੀਂ ਕਰ ਰਹੇ।

## ਭੂਚਾਲ ਦੇ ਝਟਕਿਆਂ ਨਾਲ ਹਿੱਲੀ ਧਰਤੀ, ਗੂੜੀ ਨੀਂਦ ਵਿਚ ਸੁੱਤੇ ਲੋਕ ਘਰਾਂ ਤੋਂ ਭੱਜੇ ਬਾਹਰ



ਮਹਾਰਾਸ਼ਟਰ ਦੇ ਹਿੰਗੋਲੀ 'ਚ ਅੱਜ ਸਵੇਰੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਪੈਮਾਨੇ 'ਤੇ ਇਸ ਦੀ ਤੀਬਰਤਾ 4.5 ਮਾਪੀ ਗਈ। ਇਹ ਭੂਚਾਲ 7:14 ਵਜੇ ਆਇਆ, ਰਾਸ਼ਟਰੀ ਭੂਚਾਲ ਵਿਗਿਆਨ ਕੇਂਦਰ ਨੇ ਇਹ ਜਾਣਕਾਰੀ ਦਿੱਤੀ ਹੈ। ਰਾਹਤ ਦੀ ਗੱਲ ਇਹ ਹੈ ਕਿ ਅਜੇ ਤੱਕ ਕਿਸੇ ਜਾਨੀ ਨੁਕਸਾਨ ਦੀ ਕੋਈ ਘਟਨਾ ਸਾਹਮਣੇ ਨਹੀਂ ਆਈ ਹੈ। ਨੈਸ਼ਨਲ ਸੈਂਟਰ ਫਾਰ ਸਿਸਮੋਲੋਜੀ ਦੇ ਅਨੁਸਾਰ, ਕੁਝ ਮਹੀਨੇ ਪਹਿਲਾਂ ਵੀ ਹਿੰਗੋਲੀ ਸ਼ਹਿਰ ਵਿੱਚ 10 ਮਿੰਟਾਂ ਦੇ ਅੰਤਰਾਲ ਵਿੱਚ ਦੋ ਭੂਚਾਲ ਆਏ ਸਨ। ਪਹਿਲਾ ਭੂਚਾਲ ਸਵੇਰੇ 06.08 ਵਜੇ ਮਹਿਸੂਸ ਕੀਤਾ ਗਿਆ, ਜਿਸ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 4.5 ਮਾਪੀ ਗਈ। ਭੂਚਾਲ ਵਿਗਿਆਨ ਦੇ ਰਾਸ਼ਟਰੀ ਕੇਂਦਰ ਨੇ ਕਿਹਾ ਕਿ ਇਸ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 10 ਕਿਲੋਮੀਟਰ ਦੀ ਡੂੰਘਾਈ 'ਤੇ 3.6 ਮਾਪੀ ਗਈ। ਇਸ ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਦੀ ਵੀ ਕੋਈ ਸੂਚਨਾ ਨਹੀਂ ਹੈ।

## ਲੁਧਿਆਣਾ 'ਚ ਲੁਟੇਰਿਆਂ ਨੇ ਨੌਜਵਾਨ ਦਾ ਕੀਤਾ ਕਤਲ



ਲੁਧਿਆਣਾ ਵਿੱਚ ਹੰਬੜਾ ਰੋਡ 'ਤੇ ਲੁਟੇਰਿਆਂ ਨੇ ਇੱਕ ਵਿਅਕਤੀ ਦਾ ਕਤਲ ਕਰ ਦਿੱਤਾ ਹੈ। ਬਦਮਾਸ਼ ਬੁਲੇਟ ਮੋਟਰਸਾਈਕਲ ਚੋਰੀ ਕਰ ਕੇ ਭੱਜ ਰਹੇ ਸਨ। ਮ੍ਰਿਤਕ ਨੌਜਵਾਨ ਨੇ ਆਪਣੇ ਭਰਾ ਦੂ ਮਦਦ ਨਾਲ ਬਾਈਕ 'ਤੇ ਸਵਾਰ ਹੋ ਕੇ ਕਾਫ਼ੀ ਦੂਰ ਤੱਕ ਚੋਰਾਂ ਦਾ ਪਿੱਛਾ ਕੀਤਾ, ਪਰ ਜਦੋਂ ਉਹ ਚੋਰਾਂ ਦੇ ਨੇੜੇ ਪਹੁੰਚੇ ਤਾਂ ਸੁੰਨ-ਸਾਨ ਇਲਾਕੇ ਵਿੱਚ ਬਦਮਾਸ਼ਾਂ ਨੇ ਉਸਦੇ ਸਿਰ 'ਤੇ ਰਾਡ ਨਾਲ ਹਮਲਾ ਕਰ ਦਿੱਤਾ। ਜਿਸ ਵਿੱਚ 38 ਸਾਲਾਂ ਸੁਖਵਿੰਦਰ ਸਿੰਘ ਦੀ ਜਾਨ ਚਲੀ ਗਈ। ਇਸ ਮਾਮਲੇ ਵਿੱਚ ਲੁਧਿਆਣਾ ਦਿਹਾਤੀ ਦੇ ਸਿੱਧਵਾਂ ਬੇਟ ਥਾਣੇ ਦੀ ਪੁਲਿਸ ਨੇ ਅਣਪਛਾਤੇ ਹਮਲਾਵਰਾਂ ਦੇ ਖਿਲਾਫ਼ FIR ਦਰਜ ਕਰ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਅੰਗ੍ਰੇਜ਼ ਸਿੰਘ ਨੇ ਦੱਸਿਆ ਕਿ ਚੋਰ ਤੇਜ਼ਧਾਰ ਹਥਿਆਰਾਂ ਤੇ ਲੋਹੇ ਦੀ ਰਾਡ ਨਾਲ ਲੈੱਸ ਸੀ। ਉਨ੍ਹਾਂ ਨੇ ਦੱਸਿਆ ਜਦੋਂ ਉਹ ਉਨ੍ਹਾਂ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਨੇ ਆਪਣੇ ਹਥਿਆਰਾਂ ਨਾਲ ਉਨ੍ਹਾਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ।

# ਵਿੰਬਲਡਨ ਕੁਆਰਟਰ ਫਾਈਨਲ ਦੇਖਣ ਪੁੱਜੇ ਸਿਧਾਰਥ- ਕਿਆਰਾ ਅਡਵਾਨੀ



ਬਾਲੀਵੁੱਡ ਜੋੜਾ ਸਿਧਾਰਥ ਮਲਹੋਤਰਾ ਅਤੇ ਕਿਆਰਾ ਅਡਵਾਨੀ ਵਿੰਬਲਡਨ ਕੁਆਰਟਰ ਫਾਈਨਲ ਦੇਖਣ ਲਈ ਲੰਡਨ ਪਹੁੰਚੇ। ਕਿਆਰਾ ਅਤੇ ਸਿਧਾਰਥ ਨੇ ਹਾਈ ਪ੍ਰੋਫਾਈਲ ਮੈਚ ਦੇ ਨੌਵੇਂ ਦਿਨ ਹਿੱਸਾ ਲਿਆ। ਇਸ ਦੌਰਾਨ ਦੋਵਾਂ ਦੇ ਫਾਰਮਲ ਲੁੱਕ ਨੇ ਲੋਕਾਂ ਦਾ ਧਿਆਨ ਖਿੱਚਿਆ। ਹੁਣ ਇਸ ਜੋੜੇ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ।

ਪਾਵਰ ਜੋੜਾ ਸਿਧਾਰਥ ਮਲਹੋਤਰਾ ਅਤੇ ਕਿਆਰਾ ਅਡਵਾਨੀ ਬਹੁਤ ਹੀ ਰਸਮੀ ਲੁੱਕ 'ਚ ਵਿੰਬਲਡਨ ਕੁਆਰਟਰ ਫਾਈਨਲ 'ਚ ਸ਼ਾਮਲ ਹੋਣ ਲਈ ਪਹੁੰਚੇ। ਇਸ ਦੌਰਾਨ ਕਿਆਰਾ ਪੇਸਟਲ ਬਲੂ ਰੰਗ ਦੇ ਪੈਂਟਸੂਟ 'ਚ ਨਜ਼ਰ ਆਈ। ਅਦਾਕਾਰਾ ਨੇ ਇਸ ਪਹਿਰਾਵੇ ਦੇ ਨਾਲ ਚਿੱਟੀ ਹੀਲ ਪਹਿਨੀ ਸੀ । ਕਿਆਰਾ ਘੱਟੋ-ਘੱਟ ਮੇਕਅੱਪ ਅਤੇ ਖੁੱਲ੍ਹੇ ਵਾਲਾਂ 'ਚ ਬੇਹੱਦ ਖੂਬਸੂਰਤ ਲੱਗ ਰਹੀ ਸੀ।ਸਿਧਾਰਥ ਮਲਹੋਤਰਾ ਵੀ ਕਿਸੇ ਤੋਂ ਘੱਟ ਨਹੀਂ ਦਿਖੇ। ਅਦਾਕਾਰ ਗੂੜ੍ਹੇ ਸਲੇਟੀ ਰੰਗ ਦੀ ਪੈਂਟ ਦੇ ਨਾਲ ਨੀਲੇ ਰੰਗ ਦੀ ਕਮੀਜ਼ ਅਤੇ ਚਿੱਟੇ ਬਲੇਜ਼ਰ 'ਚ ਬਹੁਤ ਵਧੀਆ ਲੱਗ ਰਿਹਾ ਸੀ। ਸਿਧਾਰਥ ਨੇ ਗ੍ਰੀਨ ਟਾਈ ਅਤੇ ਬਲੈਕ ਸ਼ੂਜ਼ ਨਾਲ ਆਪਣਾ ਲੁੱਕ ਪੂਰਾ ਕੀਤਾ। ਇਸ ਦੌਰਾਨ ਅਦਾਕਾਰ ਕਾਲੇ ਰੰਗ ਦੀ ਛੱਤਰੀ ਨਾਲ ਨਜ਼ਰ ਆਏ। ਘਟਨਾ ਵਾਲੀ ਥਾਂ 'ਤੇ ਪਹੁੰਚਣ ਤੋਂ ਪਹਿਲਾਂ ਜੋੜੇ ਨੇ ਕੈਮਰੇ ਲਈ ਪੋਜ਼ ਵੀ ਦਿੱਤੇ।

ਤੁਹਾਨੂੰ ਦੱਸ ਦੇਈਏ ਕਿ ਸਿਧਾਰਥ ਮਲਹੋਤਰਾ ਅਤੇ ਕਿਆਰਾ ਅਡਵਾਨੀ ਦਾ ਵਿਆਹ ਰਾਜਸਥਾਨ ਦੇ ਜੈਸਲਮੇਰ 'ਚ 7 ਫਰਵਰੀ 2023 ਨੂੰ ਹੋਇਆ ਹੈ। ਇਸ ਜੋੜੇ ਨੇ ਚੋਰੀ-ਛਿਪੇ ਵਿਆਹ ਕਰਵਾ ਲਿਆ, ਜਿਸ ਤੋਂ ਬਾਅਦ ਉਨ੍ਹਾਂ ਦੇ ਵਿਆਹ ਦੀਆਂ ਤਸਵੀਰਾਂ ਨੇ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਦਿੱਤੀ। ਉਸ ਸਮੇਂ, ਜੋੜੇ ਦੇ ਵਿਆਹ ਦੀਆਂ ਫੋਟੋਆਂ ਨੇ ਇੰਸਟਾਗ੍ਰਾਮ 'ਤੇ ਸਭ ਤੋਂ ਵੱਧ ਲਾਈਕ ਫੋਟੋ ਦਾ ਰਿਕਾਰਡ ਬਣਾਇਆ ਸੀ।



# Anurag Kashyap ਦੀ ਧੀ ਆਲੀਆ ਨਹੀਂ ਹੋਵੇਗੀ ਅਨੰਤ- ਰਾਧਿਕਾ ਦੇ ਵਿਆਹ 'ਚ ਸ਼ਾਮਲ





ਅੰਬਾਨੀ ਪਰਿਵਾਰ 'ਚ ਇਸ ਸਮੇਂ ਜਸ਼ਨ ਦਾ ਮਾਹੌਲ ਹੈ। ਮੁਕੇਸ਼ ਅੰਬਾਨੀ ਦਾ ਛੋਟਾ ਬੇਟਾ ਅਨੰਤ 12 ਜੁਲਾਈ ਨੂੰ ਆਪਣੀ ਲੰਬੇ ਸਮੇਂ ਦੀ ਪ੍ਰੇਮਿਕਾ ਰਾਧਿਕਾ ਮਰਚੈਂਟ ਨਾਲ ਵਿਆਹ ਦੇ ਬੰਧਨ 'ਚ ਬੱਝਣ ਜਾ ਰਿਹਾ ਹੈ। ਅਜਿਹੇ 'ਚ ਅੰਬਾਨੀ ਹਾਊਸ 'ਚ ਵਿਆਹ ਦੇ ਸਮਾਗਮ ਸ਼ੁਰੂ ਹੋ ਗਏ ਹਨ।ਨਿਰਦੇਸ਼ਕ ਅਨੁਰਾਗ ਕਸ਼ਯਪ ਦੀ ਧੀ ਆਲੀਆ ਕਸ਼ਯਪ ਅਕਸਰ ਆਪਣੀਆਂ ਪੋਸਟਾਂ ਨੂੰ ਲੈ ਕੇ ਸੁਰਖੀਆਂ 'ਚ ਰਹਿੰਦੀ ਹੈ। ਹੁਣ ਇਕ ਵਾਰ ਫਿਰ ਕੁਝ ਅਜਿਹਾ ਹੀ ਹੋਇਆ ਹੈ। ਉਨ੍ਹਾਂ ਨੇ ਅਨੰਤ ਅੰਬਾਨੀ ਤੇ ਰਾਧਿਕਾ ਮਰਚੈਂਟ ਦੇ ਵਿਆਹ ਨੂੰ 'ਸਰਕਸ' ਕਿਹਾ ਹੈ। ਇਕ ਰਿਪੋਰਟ ਮੁਤਾਬਕ ਆਲੀਆ ਕਸ਼ਯਪ ਨੇ ਬ੍ਰਾਡਕਾਸਟ ਚੈਨਲ 'ਗਪ ਸ਼ਾਪ ਵਿਦ ਕਸ਼ਯਪ' 'ਤੇ ਅੰਬਾਨੀ ਵਿਆਹ ਦਾ ਜ਼ਿਕਰ ਕੀਤਾ। ਉਸ ਨੇ ਕਿਹਾ 'ਇਸ ਸਮੇਂ ਅੰਬਾਨੀ ਦਾ ਵਿਆਹ, ਵਿਆਹ ਨਹੀਂ ਸਗੋਂ ਸਰਕਸ ਬਣ ਗਿਆ ਹੈ।'ਉਨ੍ਹਾਂ ਦੀ ਇਕ ਪੋਸਟ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸ 'ਚ ਲਿਖਿਆ ਹੈ, 'ਮੈਨੂੰ ਕੁਝ ਸਮਾਗਮਾਂ 'ਚ ਬੁਲਾਇਆ ਗਿਆ ਸੀ ਪਰ ਮੈਂ ਇਨਕਾਰ ਕਰ ਦਿੱਤਾ ਕਿਉਂਕਿ ਮੈਂ ਇਹ ਵਿਸ਼ਵਾਸ ਕਰਨਾ ਚਾਹੁੰਦੀ ਸੀ ਕਿ ਮੇਰੇ ਕੋਲ ਕਿਸੇ ਦੇ ਵਿਆਹ ਲਈ ਆਪਣੇ ਆਪ ਨੂੰ ਵੇਚਣ ਨਾਲੋਂ ਥੋੜ੍ਹਾਂ ਹੋਰ ਆਤਮ-ਸਨਮਾਨ ਹੈ। ਜਦੋਂ ਲੋਕਾਂ ਕੋਲ ਜ਼ਿਆਦਾ ਪੈਸਾ ਹੁੰਦਾ ਹੈ, ਤਾਂ ਉਹ ਨਹੀਂ ਜਾਣਦੇ ਕਿ ਉਸ ਦਾ ਕੀ ਕਰਨਾ ਹੈ।ਪਿਛਲੇ ਸਾਲ ਆਲੀਆ ਨੇ ਆਪਣੇ ਵਿਦੇਸ਼ੀ ਬੁਆਏਫ੍ਰੈਂਡ ਸ਼ੇਨ ਟ੍ਰੈਗੀਸ਼ਨਲ ਨਾਲ ਮੰਗਣੀ ਕੀਤੀ ਸੀ। ਆਲੀਆ ਸਿਰਫ 23 ਸਾਲ ਦੀ ਹੈ। ਉਸ ਨੇ ਬਹੁਤ ਛੋਟੀ ਉਮਰ 'ਚ ਹੀ ਆਪਣਾ ਜੀਵਨ ਸਾਥੀ ਚੁਣ ਲਿਆ ਹੈ। ਆਲੀਆ ਇਸ ਉਮਰ 'ਚ ਮੰਗਣੀ ਕਰਕੇ ਕਾਫੀ ਖੁਸ਼ ਹੈ। ਹਾਲ ਹੀ 'ਚ ਆਲੀਆ ਅਤੇ ਸ਼ੇਨ ਨੇ ਵੀ ਆਪਣੇ ਵਿਆਹ ਬਾਰੇ ਖੁਲਾਸਾ ਕੀਤਾ ਸੀ ਤੇ ਦੱਸਿਆ ਸਕਿ ਉਹ ਦੋ ਵਾਰ ਵਿਆਹ ਕਰਨਗੇ। ਇਹ ਜੋੜੀ ਸਾਲ 2025 'ਚ ਵਿਆਹ ਕਰਵਾਏਗੀ।

# Vicky Kaushal ਦਾ ਤੌਬਾ-ਤੌਬਾ ਗੀਤ ਦੇਖ ਕੇ Katrina Kaif ਨੇ ਬਦਲੀ ਸੋਚ



ਵਿੱਕੀ ਕੌਸ਼ਲ, ਤ੍ਰਿਪਤੀ ਡਿਮਰੀ ਅਤੇ ਪੰਜਾਬੀ ਗਾਇਕ ਐਮੀ ਵਿਰਕ ਦੀ ਫਿਲਮ 'ਬੈਡ ਨਿਊਜ਼' ਦੇ ਰਿਲੀਜ਼ ਹੋਣ 'ਚ 10 ਦਿਨ ਬਾਕੀ ਹਨ ਪਰ ਇਸ ਤੋਂ ਪਹਿਲਾਂ ਨਿਰਮਾਤਾ ਫਿਲਮ ਦੇ ਕਈ ਗੀਤ ਰਿਲੀਜ਼ ਕਰ ਰਹੇ ਹਨ। 'ਬੈਡ ਨਿਊਜ਼' ਦਾ ਦੂਜਾ ਗੀਤ 'ਜਾਨਮ' ਮੰਗਲਵਾਰ ਨੂੰ ਰਿਲੀਜ਼ ਹੋਇਆ। ਇਸ ਤੋਂ ਪਹਿਲਾਂ 'ਤੌਬਾ ਤੌਬਾ' ਨੇ ਸੋਸ਼ਲ ਮੀਡੀਆ 'ਤੇ ਖੂਬ ਹਲਚਲ ਮਚਾ ਦਿੱਤੀ ਸੀ। 'ਤੌਬਾ ਤੌਬਾ' ਹੀ ਹਰ ਕਿਸੇ ਦੇ ਬੁੱਲਾਂ 'ਤੇ ਸੁਣਾਈ ਦੇ ਰਿਹਾ ਹੈ। ਵਿੱਕੀ ਕੌਸ਼ਲ ਦੇ ਗੀਤ ਦੇ ਬੋਲ ਅਤੇ ਡਾਂਸ ਮੂਵ ਦੀ ਹਰ ਕੋਈ ਤਾਰੀਫ ਕਰ ਰਿਹਾ ਹੈ। ਅਜਿਹੇ 'ਚ ਹੁਣ ਅਦਾਕਾਰ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਪਤਨੀ ਕੈਟਰੀਨਾ ਕੈਫ ਨੇ ਇਸ ਗੀਤ 'ਤੇ ਕੀ ਰਿਐਕਸ਼ਨ ਸੀ।

ਕੈਟਰੀਨਾ ਨੂੰ ਕਿਵੇਂ ਲੱਗਿਆ ਪਤੀ ਦਾ ਡਾਂਸ

ਵਿੱਕੀ ਕੌਸ਼ਲ ਨੇ ਟਾਈਮਜ਼ ਨਾਓ/ਜ਼ੂਮ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਜਦੋਂ ਕੈਟਰੀਨਾ ਨੇ 'ਤੌਬਾ ਤੌਬਾ' ਗੀਤ ਦੇਖਿਆ ਤਾਂ ਉਸ ਨੇ ਮੇਰੇ ਡਾਂਸ ਨੂੰ 'ਪਰਫੈਕਟ' ਦੱਸਿਆ। ਅਭਿਨੇਤਾ ਨੇ ਅੱਗੇ ਕਿਹਾ ਕਿ "ਸਭ ਤੋਂ ਵੱਡੀ ਰਾਹਤ ਇਹ ਸੀ ਕਿ ਉਨ੍ਹਾਂ ਨੇ Approve ਕੀਤਾ।" ਉਸਨੇ ਕਿਹਾ ਕਿ ਇਹ ਚੰਗਾ ਹੈ ਅਤੇ ਮੈਂ ਕਿਹਾ ਧੰਨਵਾਦ।

ਕੈਟਰੀਨਾ ਮੈਨੂੰ ਕਹਿੰਦੀ ਰਹਿੰਦੀ ਹੈ ਕਿ ਮੈਂ ਜਾਣਦੀ ਹਾਂ ਕਿ ਤੁਹਾਨੂੰ ਡਾਂਸ ਕਰਨਾ ਪਸੰਦ ਹੈ, ਤੁਸੀਂ ਬਾਰਾਤੀ ਡਾਂਸਰ ਹੋ, ਸਿਖਲਾਈ ਡਾਂਸਰ ਨਹੀਂ। ਇਸ ਵਾਰ ਉਹ ਖੁਸ਼ ਹੈ ਕਿਉਂਕਿ ਉਸ ਨੂੰ ਮੇਰੇ Expressions, Moves and Attitude ਕਾਫੀ ਪਸੰਦ ਆਏ।ਕਦੋਂ ਰਿਲੀਜ਼ ਹੋਵੇਗੀ ਬੈਡ ਨਿਊਜ਼

ਤ੍ਰਿਪਤੀ ਡਿਮਰੀ ਅਤੇ ਵਿੱਕੀ ਕੌਸ਼ਲ ਪਹਿਲੀ ਵਾਰ ਫਿਲਮ 'ਬੈਡ ਨਿਊਜ਼' 'ਚ ਇਕੱਠੇ ਨਜ਼ਰ ਆਉਣਗੇ। ਇਹ ਫਿਲਮ 19 ਜੁਲਾਈ ਨੂੰ ਰਿਲੀਜ਼ ਹੋਣ ਵਾਲੀ ਹੈ। ਫਿਲਮ ਦੇ ਨਿਰਦੇਸ਼ਕ ਰਾਜ ਮਹਿਤਾ ਹਨ। ਇਹ ਇੱਕ ਕਾਮੇਡੀ ਫਿਲਮ ਹੈ। ਫਿਲਮ ਨੂੰ ਇੱਕ ਸੱਚੀ ਘਟਨਾ ਤੋਂ ਪ੍ਰੇਰਿਤ ਦੱਸਿਆ ਜਾ ਰਿਹਾ ਹੈ।

# ਕਦੇ ਅਟਕੇ ਤੇ ਕਦੀ ਝਟਕੇ, ਰੋਹਿਤ ਸ਼ੈੱਟੀ ਦੇ ਸ਼ੋਅ 'ਚ ਉੱਡੇ TV ਕੁਈਨ ਸ਼ਿਲਪਾ ਸ਼ਿੰਦੇ ਦੇ ਤੋਤੇ



ਰੋਹਿਤ ਸ਼ੈੱਟੀ ਆਪਣੇ ਸਟੰਟ ਸ਼ੋਅ 'ਖਤਰੋਂ ਕੇ ਖਿਲਾੜੀ' ਦੇ ਨਵੇਂ ਸੀਜ਼ਨ 14 ਦੇ ਨਾਲ ਇੱਕ ਵਾਰ ਫਿਰ ਵਾਪਸ ਆ ਰਹੇ ਹਨ। ਸ਼ੋਅ ਦੀ ਸ਼ੂਟਿੰਗ ਰੋਮਾਨੀਆ 'ਚ ਕਾਫੀ ਸਮੇਂ ਤੋਂ ਚੱਲ ਰਹੀ ਸੀ। ਇਸ ਦੇ ਨਾਲ ਹੀ ਹੁਣ ਇਹ ਸ਼ੋਅ ਜਲਦ ਹੀ ਟੀ.ਵੀ. 'ਤੇ ਆਉਣ ਵਾਲਾ ਹੈ। ਇਸ ਦੌਰਾਨ ਮੇਕਰਸ ਨੇ ਇਕ-ਇਕ ਕਰਕੇ ਕੰਟੈਸਟੈਂਟਸ ਦੇ ਪ੍ਰੋਮੋਜ਼ ਨੂੰ ਰਿਲੀਜ਼ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ 'ਚ ਹੁਣ ਸ਼ਿਲਪਾ ਸ਼ਿੰਦੇ ਦਾ ਵੀਡੀਓ ਰਿਲੀਜ਼ ਕੀਤਾ ਗਿਆ ਹੈ। 'ਖਤਰੋਂ ਕੇ ਖਿਲਾੜੀ 14' ਦੇ ਨਵੇਂ ਪ੍ਰੋਮੋ 'ਚ ਸ਼ਿਲਪਾ ਸ਼ਿੰਦੇ ਚੀਕਦੀ ਨਜ਼ਰ ਆ ਰਹੀ ਹੈ। ਇੱਕ ਗੱਲ ਤਾਂ ਪੱਕੀ ਹੈ ਕਿ ਰੋਹਿਤ ਸ਼ੈੱਟੀ ਦੇ ਸ਼ੋਅ ਨੇ ਟੀਵੀ ਦੀ ਇਸ ਕੁਈਨ ਦੇ ਤੋਤੇ ਉਡਾ ਦਿੱਤੇ ਹਨ।'ਖਤਰੋਂ ਕੇ ਖਿਲਾੜੀ 14' ਦੇ ਪ੍ਰੋਮੋ ਦੀ ਸ਼ੁਰੂਆਤ 'ਚ ਸ਼ਿਲਪਾ ਸ਼ਿੰਦੇ ਰੋਮਾਨੀਆ ਦੀਆਂ ਸੜਕਾਂ 'ਤੇ ਘੁੰਮਦੀ ਅਤੇ ਮਸਤੀ ਕਰਦੀ ਨਜ਼ਰ ਆ ਰਹੀ ਹੈ। ਇਸ ਤੋਂ ਬਾਅਦ ਸਟੰਟ ਲੋਕੇਸ਼ਨ ਤੋਂ ਉਸ ਦੀ ਕਲਿੱਪ ਸਾਹਮਣੇ ਆਉਂਦੀ ਹੈ, ਜਿਸ 'ਚ ਅਭਿਨੇਤਰੀ ਕਰੰਟ ਨਾਲ ਜੁੜਿਆ ਟਾਸਕ ਕਰ ਰਹੀ ਹੈ ਅਤੇ ਇਸ ਦੌਰਾਨ ਉਹ ਚੀਕਦੀ ਹੈ। 'ਖਤਰੋਂ ਕੇ ਖਿਲਾੜੀ 14' ਤੋਂ ਸਾਹਮਣੇ ਆਈ ਸ਼ਿਲਪਾ ਸ਼ਿੰਦਾ ਦਾ ਇਹ ਵੀਡੀਓ ਹੈਰਾਨ ਕਰਨ ਵਾਲਾ ਹੈ, ਪਰ ਅਭਿਨੇਤਰੀ ਦੇ ਪ੍ਰਸ਼ੰਸਕਾਂ ਲਈ ਉਸ ਦਾ ਇਹ ਪੱਖ ਦੇਖਣਾ ਯਕੀਨੀ ਤੌਰ 'ਤੇ ਮਨੋਰੰਜਕ ਹੋਵੇਗਾ।



# ਭਵਿੱਖ 'ਚ ਹੋਰ ਮਜ਼ਬੂਤ ਹੋਵੇਗੀ ਭਾਰਤ ਤੇ ਆਸਟ੍ਰੀਆ ਦਰਮਿਆਨ ਦੋਸਤੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਆਸਟ੍ਰੀਆ ਦੇ ਚਾਂਸਲਰ ਕਾਰਲ ਨੇਹਮਰ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਭਾਰਤ ਅਤੇ ਆਸਟ੍ਰੀਆ ਵਿਚਾਲੇ ਡੂੰਘੀ ਦੋਸਤੀ ਹੈ ਜੋ ਭਵਿੱਖ ਵਿਚ ਹੋਰ ਮਜ਼ਬੂਤ ਹੋਵੇਗੀ। ਦੋਹਾਂ ਨੇਤਾਵਾਂ ਵਿਚਾਲੇ ਅੱਜ ਅਧਿਕਾਰਤ ਗੱਲਬਾਤ ਹੋਵੇਗੀ, ਜਿਸ 'ਚ ਦੋਹਾਂ ਦੇਸ਼ਾਂ ਵਿਚਾਲੇ ਦੁਵੱਲੀ ਭਾਈਵਾਲੀ ਦੇ ਵਿਆਪਕ ਪਹਿਲੂਆਂ 'ਤੇ ਚਰਚਾ ਕੀਤੀ ਜਾਵੇਗੀ। ਪੀ.ਐਮ ਮੋਦੀ ਰੂਸ ਦੇ ਦੋ ਦਿਨਾਂ ਦੌਰੇ ਤੋਂ ਬਾਅਦ ਵਿਆਨਾ ਪਹੁੰਚ ਗਏ ਹਨ। 40 ਸਾਲਾਂ ਤੋਂ ਵੱਧ ਸਮੇਂ ਵਿੱਚ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਆਸਟ੍ਰੀਆ ਦੀ ਇਹ ਪਹਿਲੀ ਯਾਤਰਾ ਹੈ। ਇਸ ਤੋਂ ਪਹਿਲਾਂ 1983 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਦੇਸ਼ ਦਾ ਦੌਰਾ ਕੀਤਾ ਸੀ।

ਆਸਟ੍ਰੀਆ ਦੇ ਵਿਦੇਸ਼ ਮੰਤਰੀ ਅਲੈਗਜ਼ੈਂਡਰ ਸ਼ੈਲਨਬਰਗ ਨੇ ਹਵਾਈ ਅੱਡੇ 'ਤੇ ਮੋਦੀ ਦਾ ਸਵਾਗਤ ਕੀਤਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਦੋਵਾਂ ਨੇਤਾਵਾਂ ਦੀ ਇੱਕ ਫੋਟੋ ਸਾਂਝੀ ਕੀਤੀ ਅਤੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤਾ, "ਭਾਰਤ ਅਤੇ ਆਸਟ੍ਰੀਆ ਦੀ ਸਾਂਝੇਦਾਰੀ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ! ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੇਜ਼ਬਾਨੀ ਆਸਟ੍ਰੀਆ ਦੇ ਚਾਂਸਲਰ ਕਾਰਲ ਨੇਹਮਰ ਨੇ ਕੀਤੀ। ਦੋਹਾਂ ਨੇਤਾਵਾਂ ਵਿਚਾਲੇ ਇਹ ਪਹਿਲੀ ਮੁਲਾਕਾਤ ਹੈ। ਦੋ-ਪੱਖੀ ਸਾਂਝੇਦਾਰੀ ਬਾਰੇ ਚਰਚਾ ਹੋਵੇਗੀ।'' ਇਕ ਤਸਵੀਰ 'ਚ ਮੋਦੀ ਨੇਹਮਰ ਨੂੰ ਜੱਫੀ ਪਾਉਂਦੇ ਹੋਏ ਦਿਖਾਈ ਦੇ ਰਹੇ ਹਨ, ਜਦਕਿ ਦੂਜੀ ਤਸਵੀਰ 'ਚ ਆਸਟ੍ਰੀਆ ਦੇ ਚਾਂਸਲਰ ਪ੍ਰਧਾਨ ਮੰਤਰੀ ਨਾਲ ਸੈਲਫੀ ਲੈਂਦੇ ਨਜ਼ਰ ਆ ਰਹੇ ਹਨ। ਨੇਹਮਰ ਨੇ ਸੋਸ਼ਲ ਮੀਡੀਆ 'ਤੇ ਮੋਦੀ ਦੇ ਨਾਲ ਇੱਕ ਤਸਵੀਰ ਵੀ ਸਾਂਝੀ ਕੀਤੀ ਅਤੇ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਆਨਾ ਵਿੱਚ ਤੁਹਾਡਾ ਸਵਾਗਤ ਹੈ! ਆਸਟ੍ਰੀਆ ਵਿੱਚ ਤੁਹਾਡਾ ਸੁਆਗਤ ਕਰਨਾ ਸਾਡੇ ਲਈ ਖੁਸ਼ੀ ਅਤੇ ਸਨਮਾਨ ਦੀ ਗੱਲ ਹੈ। ਆਸਟ੍ਰੀਆ ਅਤੇ ਭਾਰਤ ਦੋਸਤ ਅਤੇ ਭਾਈਵਾਲ ਹਨ। ਤੁਹਾਡੀ ਫੇਰੀ ਦੌਰਾਨ ਸਿਆਸੀ ਅਤੇ ਆਰਥਿਕ ਵਿਚਾਰ-ਵਟਾਂਦਰੇ ਲਈ ਉਤਸੁਕ ਹਾਂ।'' ਪ੍ਰਧਾਨ ਮੰਤਰੀ ਮੋਦੀ ਨੇ ਆਸਟ੍ਰੀਆ ਦੇ ਚਾਂਸਲਰ ਦਾ ਉਨ੍ਹਾਂ ਦੇ ''ਨਿੱਘੇ ਸੁਆਗਤ'' ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ''ਕੱਲ੍ਹ ਦੀ ਸਾਡੀ ਗੱਲਬਾਤ ਦੀ ਉਡੀਕ ਕਰਦੇ ਹਨ।'' ਸਾਡੇ ਦੇਸ਼ ਪੂਰੀ ਦੁਨੀਆ ਦੀ ਬਿਹਤਰੀ ਲਈ ਮਿਲ ਕੇ ਕੰਮ ਕਰਦੇ ਰਹਿਣਗੇ।'' ਮੋਦੀ ਨੇ 'ਐਕਸ' 'ਤੇ ਇਕ ਹੋਰ ਪੋਸਟ 'ਚ ਕਿਹਾ, ''ਚਾਂਸਲਰ ਕਾਰਲ ਨੇਹਮਰ, ਵੀਏਨਾ 'ਚ ਤੁਹਾਨੂੰ ਮਿਲ ਕੇ ਖੁਸ਼ੀ ਹੋਈ। ਭਾਰਤ-ਆਸਟ੍ਰੀਆ ਦੀ ਮਜ਼ਬੂਤ ਦੋਸਤੀ ਹੈ ਜੋ ਆਉਣ ਵਾਲੇ ਸਮੇਂ ਵਿੱਚ ਹੋਰ ਡੂੰਘੀ ਹੋਵੇਗੀ।'' ਮੋਦੀ ਬੁੱਧਵਾਰ ਨੂੰ ਆਸਟ੍ਰੀਆ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਵੈਨ ਡੇਰ ਬੇਲੇਨ ਨਾਲ ਮੁਲਾਕਾਤ ਕਰਨਗੇ ਅਤੇ ਆਸਟ੍ਰੀਆ ਦੇ ਚਾਂਸਲਰ ਕਾਰਲ ਨੇਹਮਰ ਨਾਲ ਅਧਿਕਾਰਤ ਗੱਲਬਾਤ ਵੀ ਕਰਨਗੇ।

# ਮੈਲਬੋਰਨ 'ਚ ਹੋਣ ਜਾ ਰਹੇ ਤੀਆਂ ਦੇ ਮੇਲੇ 'ਚ ਮਿਸ ਪੂਜਾ ਬੰਨ੍ਹਣਗੇ ਰੰਗ




13 ਜੁਲਾਈ ਸ਼ਨੀਵਾਰ ਨੂੰ ਮੈਲਬੌਰਨ ਦੇ ਗ੍ਰੀਨਜ਼ਬੋਰੋ ਇਲਾਕੇ ਵਿੱਚ ਤੀਆਂ ਦਾ ਮੇਲਾ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪ੍ਰਸਿੱਧ ਗਾਇਕਾ ਮਿਸ ਪੂਜਾ ਸ਼ਿਰਕਤ ਕਰਨਗੇ। ਇਹ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕ ਏਕਤਾ ਸ਼ਰਮਾ ਅਤੇ ਸਾਥੀਆਂ ਨੇ ਦੱਸਿਆ ਕਿ ਮਿਸ ਪੂਜਾ ਲੰਬੇ ਸਮੇਂ ਤੋਂ ਬਾਅਦ ਮੈਲਬੌਰਨ ਵਿੱਚ ਦਰਸ਼ਕਾਂ ਦੇ ਰੂਬਰੂ ਹੋਣ ਜਾ ਰਹੇ ਹਨ ਜਿਸ ਕਰਕੇ ਦਰਸ਼ਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਵਿੱਚ ਭੰਗੜਾ, ਗਿੱਧਾ ਅਤੇ ਹੋਰ ਸੱਭਿਆਚਾਰਕ ਵੰਨਗੀਆਂ ਦਰਸ਼ਕਾਂ ਦਾ ਮਨੋਰੰਜਨ ਕਰਨਗੀਆਂ। ਇਸ ਮੌਕੇ ਮਿਸ ਅਤੇ ਮਿਸਿਜ਼ ਤੀਆਂ ਦਾ ਮੁਕਾਬਲਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ ਅਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਦੀ ਚੇਟਕ ਲਾਉਣ ਲਈ ਸਵਾਲ-ਜੁਆਬ ਦਾ ਗੇੜ ਵੀ ਹੋਵੇਗਾ। ਪ੍ਰਬੰਧਕਾਂ ਨੇ ਸਮੂਹ ਮੁਟਿਆਰਾਂ, ਬੱਚਿਆਂ ਅਤੇ ਬੀਬੀਆਂ ਨੂੰ ਇਸ ਮੇਲੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

# ਅਮਰੀਕਾ 'ਚ ਮਨੁੱਖੀ ਤਸਕਰੀ ਦੇ ਦੋਸ਼ 'ਚ ਇਕ ਔਰਤ ਸਮੇਤ ਭਾਰਤੀ ਮੂਲ ਦੇ 4 ਲੋਕ ਗ੍ਰਿਫ਼ਤਾਰ



ਬੀਤੇ ਦਿਨ ਅਮਰੀਕਾ ਵਿੱਚ ਭਾਰਤੀ ਮੂਲ ਦੇ ਚਾਰ ਲੋਕਾਂ ਦੇ ਗਰੁੱਪ ਵੱਲੋਂ ਟੈਕਸਾਸ ਸੂਬੇ ਵਿੱਚ ਮਨੁੱਖੀ ਤਸਕਰੀ ਕਰਨ ਦਾ ਮਾਮਲਾ ਸਾਹਮਣਾ ਆਇਆ ਹੈ। ਪੁਲਸ ਨੇ ਟੈਕਸਾਸ ਸੂਬੇ ਦੇ ਪ੍ਰਿੰਸਟਨ ਸ਼ਹਿਰ ਵਿੱਚ ਮਨੁੱਖੀ ਤਸਕਰੀ ਮਾਮਲੇ ਵਿੱਚ ਇੱਕ ਔਰਤ ਸਮੇਤ ਭਾਰਤੀ ਮੂਲ ਦੇ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੀਡੀਆ ਰਿਪੋਰਟ ਮੁਤਾਬਕ ਪ੍ਰਿੰਸਟਨ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇੱਕ ਹੀ ਘਰ ਵਿੱਚ 15 ਔਰਤਾਂ ਦੇ ਮਿਲਣ ਤੋਂ ਬਾਅਦ ਚਾਰ ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਪ੍ਰਿੰਸਟਨ ਪੁਲਸ ਨੇ ਗ੍ਰਿਫਤਾਰੀਆਂ ਉਦੋਂ ਕੀਤੀਆਂ ਜਦੋਂ ਇੱਕੋ ਘਰ ਵਿੱਚ ਰਹਿੰਦੀਆਂ ਲਗਭਗ 15 ਔਰਤਾਂ ਫਰਸ਼ 'ਤੇ ਸੌਂ ਰਹੀਆਂ ਸਨ। ਪ੍ਰਿੰਸਟਨ ਪੁਲਸ ਨੇ ਕਿਹਾ ਕਿ ਉਨ੍ਹਾਂ ਨੇ ਸੰਭਾਵਿਤ ਮਨੁੱਖੀ ਤਸਕਰੀ ਰੈਕੇਟ ਬਾਰੇ ਮਾਰਚ ਵਿੱਚ ਪੈਸਟ ਕੰਟਰੋਲ ਵਿਭਾਗ ਤੋਂ ਸ਼ਿਕਾਇਤ ਮਿਲਣ ਤੋਂ ਬਾਅਦ ਕੋਲਿਨ ਕਾਉਂਟੀ ਵਿੱਚ ਗਿਨਸਬਰਗ ਲੇਨ 'ਤੇ ਉਸ ਘਰ ਦੀ ਜਾਂਚ ਸ਼ੁਰੂ ਕੀਤੀ। ਮੀਡੀਆ ਰਿਪੋਰਟ ਅਨੁਸਾਰ ਪ੍ਰਿੰਸਟਨ ਪੁਲਸ ਨੇ 24 ਸਾਲਾ ਚੰਦਨ ਦਾਸੀਰੈਡੀ, 31 ਸਾਲਾ ਸੰਤੋਸ਼ ਕਟਕੁਰੀ, 31 ਸਾਲਾ ਦਵਾਰਕਾ ਗੁੰਡਾ ਅਤੇ 37 ਸਾਲਾ ਅਨਿਲ ਨਰ ਸਾਰੇ ਤੇਲਗੂ ਭਾਰਤੀਆ ਨੂੰ 'ਜ਼ਬਰਦਸਤੀ ਮਜ਼ਦੂਰੀ' ਸਕੀਮ ਚਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ।ਮੀਡੀਆ ਰਿਪੋਰਟਾਂ ਮੁਤਾਬਕ ਪੈਸਟ ਕੰਟਰੋਲ ਵਿਭਾਗ ਨੂੰ ਮਾਰਚ 'ਚ ਘਰ ਬੁਲਾਇਆ ਗਿਆ ਸੀ। ਪਰ ਜਦੋਂ ਇੰਸਪੈਕਟਰ ਅੰਦਰ ਗਿਆ ਤਾਂ ਉਸ ਨੇ ਹਰ ਕਮਰੇ ਦੇ ਫਰਸ਼ 'ਤੇ 15 ਦੇ ਕਰੀਬ ਔਰਤਾਂ ਸੁੱਤੀਆਂ ਹੋਈਆਂ ਦੇਖੀਆਂ। ਨਾਲੇ ਹੋਰ ਉੱਥੇ ਕਾਫੀ ਸੂਟਕੇਸ ਸਨ। ਪੁਲਸ ਨੇ ਦੱਸਿਆ ਕਿ ਜਿਸ ਘਰ ਵਿਚ ਮਨੁੱਖੀ ਤਸਕਰੀ ਹੋ ਰਹੀ ਸੀ, ਉਸ ਦੇ ਅੰਦਰ ਕਈ ਕੰਪਿਊਟਰ, ਇਲੈਕਟ੍ਰੋਨਿਕਸ ਅਤੇ ਕੰਬਲ ਸਨ। ਅਤੇ ਘਰ ਵਿੱਚ ਕੋਈ ਵੀ ਫਰਨੀਚਰ ਨਹੀਂ ਸੀ। ਪੁਲਸ ਨੇ ਦੱਸਿਆ ਕਿ ਉਸ ਘਰੋਂ ਛੁਡਵਾਈਆਂ ਗਈਆਂ 15 ਔਰਤਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਕਟਕੁਰੀ ਅਤੇ ਉਸਦੀ ਪਤਨੀ ਦਵਾਰਕਾ ਗੁੰਡਾ ਦੀ ਮਾਲਕੀ ਵਾਲੀਆਂ ਕੁਝ ਫਰਜ਼ੀ ਕੰਪਨੀਆਂ ਵਿੱਚ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ। ਪੁਲਸ ਨੇ ਘਰ ਵਿੱਚੋਂ ਕਈ ਲੈਪਟਾਪ ਅਤੇ ਮੋਬਾਈਲ ਵੀ ਜ਼ਬਤ ਕੀਤੇ।ਪ੍ਰਿੰਸਟਨ ਪੁਲਸ ਨੇ ਕਿਹਾ ਕਿ ਕਈ ਹੋਰ, ਮਰਦ ਅਤੇ ਔਰਤਾਂ ਦੋਵੇਂ ਵੀ ਜ਼ਬਰਦਸਤੀ ਮਜ਼ਦੂਰੀ ਦੇ ਸ਼ਿਕਾਰ ਸਨ ਅਤੇ ਸ਼ੈੱਲ ਕੰਪਨੀਆਂ ਲਈ ਪ੍ਰੋਗਰਾਮਰ ਵਜੋਂ ਕੰਮ ਕਰਦੇ ਸਨ। ਪ੍ਰਿੰਸਟਨ, ਮੇਲਿਸਾ ਅਤੇ ਮੈਕਕਿਨੀ ਦੇ ਕਈ ਹੋਰ ਟਿਕਾਣਿਆਂ ਨੂੰ ਵੀ ਇਸ ਮਾਮਲੇ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਜਾਂਚ ਤੋਂ ਬਾਅਦ ਉਨ੍ਹਾਂ ਨੇ ਹੋਰ ਸਥਾਨਾਂ ਤੋਂ ਲੈਪਟਾਪ ਅਤੇ ਫੋਨ ਸਮੇਤ ਕਈ ਚੀਜ਼ਾਂ ਪੁਲਸ ਨੇ ਜ਼ਬਤ ਕੀਤੀਆਂ।



ਅਮਰੀਕਾ 'ਚ ਮਨੁੱਖੀ ਤਸਕਰੀ ਦੇ ਦੋਸ਼ 'ਚ ਇਕ ਔਰਤ ਸਮੇਤ ਭਾਰਤੀ ਮੂਲ ਦੇ 4 ਲੋਕ ਗ੍ਰਿਫ਼ਤਾਰ

ਆਸਟ੍ਰੀਆ ਵਿਖੇ ਵਿਆਨਾ 'ਚ ਪੀ.ਐਮ ਨਰਿੰਦਰ ਮੋਦੀ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਸਟ੍ਰੀਆ ਦੇ ਚਾਂਸਲਰ ਕਾਰਲ ਨੇਹਮਰ ਦੁਆਰਾ ਫੌਜੀ ਸਨਮਾਨਾਂ ਨਾਲ ਸਵਾਗਤ ਕੀਤਾ ਗਿਆ। ਗੌਰਤਲਬ ਹੈ ਕਿ ਰੂਸ ਦੇ ਦੋ ਦਿਨਾਂ ਦੌਰੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਦਿਨਾਂ ਦੌਰੇ ਲਈ ਆਸਟ੍ਰੀਆ ਪਹੁੰਚੇ ਹਨ। ਆਸਟ੍ਰੀਆ ਦੇ ਵਿਦੇਸ਼ ਮੰਤਰੀ ਅਲੈਗਜ਼ੈਂਡਰ ਸ਼ੈਲੇਨਬਰਗ ਨੇ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕੀਤਾ। ਬੁੱਧਵਾਰ ਨੂੰ ਪੀ.ਐਮ ਮੋਦੀ ਆਸਟ੍ਰੀਆ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਵੈਨ ਡੇਰ ਬੇਲੇਨ ਨਾਲ ਮੁਲਾਕਾਤ ਕਰਨਗੇ। ਪੀਐਮ ਮੋਦੀ ਦਾ ਵਿਆਨਾ ਦੌਰਾ ਬਹੁਤ ਖਾਸ ਹੈ। ਦਰਅਸਲ ਨਰਿੰਦਰ ਮੋਦੀ 41 ਸਾਲਾਂ ਤੋਂ ਵੱਧ ਸਮੇਂ ਵਿੱਚ ਮੱਧ ਯੂਰਪੀਅਨ ਦੇਸ਼ ਆਸਟ੍ਰੀਆ ਦਾ ਦੌਰਾ ਕਰਨ ਵਾਲੇ ਦੂਜੇ ਪ੍ਰਧਾਨ ਮੰਤਰੀ ਹਨ। ਇਸ ਤੋਂ ਪਹਿਲਾਂ 1983 ਵਿੱਚ ਇੰਦਰਾ ਗਾਂਧੀ ਆਸਟ੍ਰੀਆ ਅਤੇ ਵਿਆਨਾ ਦਾ ਦੌਰਾ ਕਰ ਚੁੱਕੀ ਹੈ। ਆਸਟ੍ਰੀਆ ਦੇ ਚਾਂਸਲਰ ਕਾਰਲ ਨੇਹਮਰ ਨੇ ਵਿਆਨਾ ਵਿੱਚ ਪੀ.ਐਮ ਮੋਦੀ ਨਾਲ ਮੁਲਾਕਾਤ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਬੀਤੀ ਰਾਤ ਅਤੇ ਅੱਜ ਸਵੇਰੇ ਅਸੀਂ ਯੂਕ੍ਰੇਨ ਖ਼ਿਲਾਫ਼ ਰੂਸ ਦੀ ਲੜਾਈ ਬਾਰੇ ਗੱਲ ਕੀਤੀ। ਆਸਟ੍ਰੀਆ ਦੇ ਚਾਂਸਲਰ ਦੇ ਰੂਪ ਵਿੱਚ ਮੇਰੇ ਲਈ ਭਾਰਤ ਦਾ ਮੁਲਾਂਕਣ ਜਾਣਨਾ ਮਹੱਤਵਪੂਰਨ ਹੈ ਕਿ ਮੱਧ ਪੂਰਬ ਵਿੱਚ ਚੱਲ ਰਿਹਾ ਸੰਘਰਸ਼ ਹੈ। ਸਾਡੇ ਲਈ ਵੀ ਇੱਕ ਮਹੱਤਵਪੂਰਨ ਵਿਸ਼ਾ ਹੈ।" ਉਨ੍ਹਾਂ ਕਿਹਾ ਕਿ ਭਾਰਤ ਅਤੇ ਆਸਟ੍ਰੀਆ ਦੇ ਸਬੰਧ ਮਜ਼ਬੂਤ ਹਨ। ਇਹ ਰਿਸ਼ਤਾ ਭਰੋਸੇ ਦਾ ਹੈ, ਜੋ 1950 ਦੇ ਦਹਾਕੇ ਵਿੱਚ ਸ਼ੁਰੂ ਹੋਇਆ ਸੀ। ਭਾਰਤ ਨੇ ਆਸਟ੍ਰੀਆ ਦੀ ਮਦਦ ਕੀਤੀ ਅਤੇ 1955 ਵਿੱਚ ਆਸਟ੍ਰੀਆ ਰਾਜ ਸੰਧੀ ਨਾਲ ਗੱਲਬਾਤ ਇੱਕ ਸਕਾਰਾਤਮਕ ਸਿੱਟੇ 'ਤੇ ਪਹੁੰਚ ਗਈ।

# ਕਮਲਾ ਹੈਰਿਸ ਦਾ ਦਾਅਵਾ; ਟਰੰਪ ਸਾਡੇ ਲੋਕਤੰਤਰ ਨੂੰ ਤਾਨਾਸ਼ਾਹੀ 'ਚ ਬਦਲਣਾ ਚਾਹੁੰਦੇ



ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਮੰਗਲਵਾਰ ਨੂੰ ਕਿਹਾ ਕਿ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਪਾਰਟੀ ਦੇ ਸੰਭਾਵੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਅਮਰੀਕੀ ਲੋਕਤੰਤਰ ਨੂੰ ਤਾਨਾਸ਼ਾਹੀ ਵਿਚ ਬਦਲ ਦੇਣਗੇ। ਹੈਰਿਸ ਨੇ ਲਾਸ ਵੇਗਾਸ ਵਿੱਚ ਇੱਕ ਰਾਸ਼ਟਰੀ ਬਾਈਡੇਨ-ਹੈਰਿਸ ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਕਿਹਾ, "ਡੋਨਾਲਡ ਟਰੰਪ ਸਾਡੇ ਲੋਕਤੰਤਰ ਨੂੰ ਤਾਨਾਸ਼ਾਹੀ ਵਿੱਚ ਬਦਲਣਾ ਚਾਹੁੰਦੇ ਹਨ।"

ਇਹ ਪ੍ਰੋਗਰਾਮ ਦੇਸ਼ ਭਰ ਵਿੱਚ ਏਸ਼ੀਆਈ ਅਮਰੀਕੀਆਂ, ਮੂਲ ਹਵਾਈ ਨਾਗਰਿਕਾਂ ਅਤੇ ਪੈਸੀਫਿਕ ਆਈਲੈਂਡਰਜ਼ (AANHPIs) ਦੇ ਵੋਟਰਾਂ, ਭਾਈਚਾਰਿਆਂ ਅਤੇ ਆਗੂਆਂ ਨੂੰ ਸੰਗਠਿਤ ਕਰੇਗਾ। ਹੈਰਿਸ ਨੇ ਦੋਸ਼ ਲਾਇਆ ਕਿ ਟਰੰਪ ਦੇ ਸਲਾਹਕਾਰਾਂ ਨੇ 900 ਪੰਨਿਆਂ ਦਾ 'ਬਲੂਪ੍ਰਿੰਟ' ਤਿਆਰ ਕੀਤਾ ਹੈ ਜਿਸ ਨੂੰ ਉਹ 'ਪ੍ਰੋਜੈਕਟ 2025' ਕਹਿ ਰਹੇ ਹਨ ਜਿਸ ਵਿੱਚ ਟਰੰਪ ਦੇ ਦੂਜੇ ਕਾਰਜਕਾਲ ਵਿੱਚ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਵਿੱਚ ਸਮਾਜਿਕ ਸੁਰੱਖਿਆ ਵਿੱਚ ਕਟੌਤੀ, ਇਨਸੁਲਿਨ 'ਤੇ 35 ਡਾਲਰ ਦੀ ਸੀਮਾ ਨੂੰ ਖ਼ਤਮ ਕਰਨ, ਸਿੱਖਿਆ ਵਿਭਾਗ ਨੂੰ ਖ਼ਤਮ ਕਰਨ ਅਤੇ ਹੈੱਡ ਸਟਾਰਟ ਵਰਗੇ ਪ੍ਰੋਗਰਾਮਾਂ ਨੂੰ ਖ਼ਤਮ ਕਰਨ ਵਰਗੇ ਕਦਮ ਸ਼ਾਮਲ ਹਨ। ਉਪ ਰਾਸ਼ਟਰਪਤੀ ਨੇ ਹਾਜ਼ਰੀਨ ਦੀਆਂ ਤਾੜੀਆਂ ਵਿਚਾਲੇ ਕਿਹਾ,"ਕੋਈ ਗਲਤੀ ਨਾ ਕਰੋ, ਜੇਕਰ ਟਰੰਪ ਨੂੰ ਮੌਕਾ ਮਿਲਦਾ ਹੈ ਤਾਂ ਉਹ ਹਰ ਰਾਜ ਵਿੱਚ ਗਰਭਪਾਤ 'ਤੇ ਪਾਬੰਦੀ ਲਗਾਉਣ ਲਈ ਰਾਸ਼ਟਰੀ ਗਰਭਪਾਤ ਪਾਬੰਦੀ' 'ਤੇ ਦਸਤਖ਼ਤ ਕਰਨਗੇ ਪਰ ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ ਕਿਉਂਕਿ ਅਸੀਂ ਔਰਤਾਂ 'ਤੇ ਭਰੋਸਾ ਕਰਦੇ ਹਾਂ। ਸਰਕਾਰ ਨੂੰ ਔਰਤਾਂ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਉਨ੍ਹਾਂ ਨੂੰ ਆਪਣੇ ਸਰੀਰ ਨਾਲ ਕੀ ਕਰਨਾ ਚਾਹੀਦਾ ਹੈ। ਹੈਰਿਸ ਨੇ ਕਿਹਾ ਕਿ ਇਹ ਸਾਡੇ ਜੀਵਨ ਦੀ ਸਭ ਤੋਂ ਮਹੱਤਵਪੂਰਨ ਚੋਣ ਹੈ।

# ਕੈਨੇਡਾ 'ਚ ਸ਼ਰਨਾਰਥੀ ਪੰਜਾਬੀਆਂ ਦੀ ਗਿਣਤੀ 'ਚ ਰਿਕਾਰਡ ਵਾਧਾ



ਕੈਨੇਡਾ ਅਤੇ ਅਮਰੀਕਾ ਦਹਾਕਿਆਂ ਤੋਂ ਭਾਰਤੀਆਂ ਅਤੇ ਖ਼ਾਸ ਕਰ ਕੇ ਪੰਜਾਬੀਆਂ ਦੇ ਪਸੰਦੀਦਾ ਦੇਸ਼ ਰਹੇ ਹਨ। ਪੰਜਾਬੀ ਇਨ੍ਹਾਂ ਦੇਸ਼ਾਂ ਵਿਚ ਦਾਖਲ ਹੋਣ ਲਈ ਆਪਣੀ ਜਾਨ ਤੱਕ ਜੋਖਮ ਵਿਚ ਪਾ ਲੈਂਦੇ ਹਨ। ਤਾਜ਼ਾ ਜਾਣਕਾਰੀ ਮੁਤਾਬਕ ਭਾਰਤ ਤੋਂ ਲੋਕਾਂ ਨੂੰ ਕੈਨੇਡਾ ਭੇਜਣ ਲਈ ਸਥਾਨਕ ਏਜੰਟਾਂ ਨੇ ਹੁਣ ਇਕ ਨਵੀਂ ਕਾਢ ਕੱਢੀ ਹੈ ਜਿਸ ਨਾਲ ਬੀਤੇ ਮਹੀਨਿਆਂ ਤੋਂ ਉੱਥੇ ਸ਼ਰਨਾਰਥੀ ਬਣਨ ਵਾਲੇ ਭਾਰਤੀਆਂ ਖ਼ਾਸ ਕਰ ਕੇ ਪੰਜਾਬੀਆਂ ਅਤੇ ਪੰਜਾਬਣਾਂ ਦੀ ਗਿਣਤੀ ਕਾਫੀ ਵਧੀ ਹੈ। ਏਜੰਟਾਂ ਵੱਲੋਂ ਨਕਲੀ ਸਪਾਂਸਰਸ਼ਿਪ, ਬੈਂਕ ਖਾਤੇ, ਕਾਰੋਬਾਰ, ਉੱਚਾ ਅਹੁਦਾ, ਨੌਕਰੀ, ਕੰਪਿਊਟਰ ਦੇ ਮਾਹਰ. ਐੱਮ.ਏ. ਤੱਕ ਦੀ ਸਿੱਖਆ ਦੇ ਮਨਘੜਤ ਡਿਪਲੋਮੇ ਆਦਿ ਦੇ ਦਸਤਾਵੇਜ਼ਾਂ ਨਾਲ ਕੈਨੇਡਾ ਦਾ ਵੀਜ਼ਾ ਲਗਵਾ ਕੇ ਉੱਥੇ ਸੀ.ਐੱਨ. ਟਾਵਰ, ਨਿਆਗਰਾ ਫਾਲਜ਼, ਚਿੜੀਆਘਰ, ਲਾਇਬ੍ਰੇਰੀ, ਪਾਰਕ ਅਤੇ ਸੈਲਾਨੀਆਂ ਲਈ ਖਿੱਚ ਦੀਆਂ ਹੋਰ ਕਈ ਨਾਮਵਰ ਥਾਵਾਂ ਦੇਖਣ ਦੇ ਟੂਰ ਪ੍ਰੋਗਰਾਮ ਬਣਾ ਕੇ ਪੰਜਾਬ, ਹਰਿਆਣਾ, ਗੁਜਰਾਤ, ਉਤਰਾਖੰਡ, ਯੂ.ਪੀ. ਬਿਹਾਰ, ਤਾਮਿਲਨਾਡੂ ਅਤੇ ਉੜੀਸਾ ਤੋਂ ਲੋਕ ਰਵਾਨਾ ਕੀਤੇ ਜਾ ਰਹੇ ਹਨ।

# ਪੰਜਾਬ ਦੇ ਚੋਟੀ ਦੇ 10 ਮੰਦਰ

ਭਾਰਤ ਦੇ ਦਿਲ ਵਿੱਚ ਵਸਿਆ, ਪੰਜਾਬ ਇਤਿਹਾਸ ਅਤੇ ਸੱਭਿਆਚਾਰ ਦੀ ਅਮੀਰ ਟੇਪਸਟਰੀ ਦੇ ਪ੍ਰਮਾਣ ਵਜੋਂ ਖੜ੍ਹਾ ਹੈ ਜੋ ਰਾਸ਼ਟਰ ਨੂੰ ਪਰਿਭਾਸ਼ਤ ਕਰਦਾ ਹੈ। ਇਹ ਜੀਵੰਤ ਰਾਜ, ਜਿਸ ਨੂੰ ਅਕਸਰ "ਪੰਜ ਦਰਿਆਵਾਂ ਦੀ ਧਰਤੀ" ਕਿਹਾ ਜਾਂਦਾ ਹੈ, ਆਪਣੀ ਧਾਰਮਿਕ ਭਾਵਨਾ, ਖੇਤੀਬਾੜੀ ਦੀ ਖੁਸ਼ਹਾਲੀ, ਅਤੇ ਪ੍ਰਾਚੀਨ ਮੰਦਰਾਂ ਦੇ ਖਜ਼ਾਨੇ ਲਈ ਮਸ਼ਹੂਰ ਹੈ ਜੋ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਇਕੋ ਜਿਹੇ ਇਸ਼ਾਰਾ ਕਰਦੇ ਹਨ। ਇਸ ਲੇਖ ਵਿੱਚ, ਅਸੀਂ ਪੰਜਾਬ ਦੇ ਕੁਝ ਸਭ ਤੋਂ ਮਨਮੋਹਕ ਮੰਦਰਾਂ ਦੀ ਪੜਚੋਲ ਕਰਨ ਲਈ ਇੱਕ ਅਧਿਆਤਮਿਕ ਯਾਤਰਾ ਸ਼ੁਰੂ ਕਰਦੇ ਹਾਂ। ਅੰਮ੍ਰਿਤਸਰ ਦੇ ਪ੍ਰਤੀਕ ਗੋਲਡਨ ਟੈਂਪਲ ਤੋਂ ਲੈ ਕੇ ਫਤਹਿਗੜ੍ਹ ਸਾਹਿਬ ਦੇ ਸਤਿਕਾਰਯੋਗ ਗੁਰਦੁਆਰਾ ਫਤਹਿਗੜ੍ਹ ਸਾਹਿਬ ਤੱਕ, ਅਸੀਂ ਇਨ੍ਹਾਂ ਪਵਿੱਤਰ ਅਸਥਾਨਾਂ ਨੂੰ ਪਰਿਭਾਸ਼ਿਤ ਕਰਨ ਵਾਲੇ ਸ਼ਰਧਾ ਅਤੇ ਆਰਕੀਟੈਕਚਰਲ ਅਜੂਬਿਆਂ ਦੀਆਂ ਕਹਾਣੀਆਂ ਨੂੰ ਉਜਾਗਰ ਕਰਾਂਗੇ।



ਸਾਡੀ ਯਾਤਰਾ ਪੰਜਾਬ ਦੇ ਤਾਜ ਗਹਿਣੇ, ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਤੋਂ ਸ਼ੁਰੂ ਹੁੰਦੀ ਹੈ, ਜੋ ਪੰਜਾਬ ਦੇ ਸਭ ਤੋਂ ਪ੍ਰਮੁੱਖ ਸਿੱਖ ਧਾਰਮਿਕ ਸਥਾਨਾਂ ਵਿੱਚੋਂ ਇੱਕ ਹੈ। ਅਕਸਰ "ਹਰਿਮੰਦਰ ਸਾਹਿਬ" ਵਜੋਂ ਜਾਣਿਆ ਜਾਂਦਾ ਹੈ, ਇਹ ਮਨਮੋਹਕ ਮੰਦਰ ਸਿੱਖ ਧਰਮ ਦੇ ਕੇਂਦਰ ਵਜੋਂ ਖੜ੍ਹਾ ਹੈ। ਸਿੱਖਾਂ ਲਈ ਸਭ ਤੋਂ ਪਵਿੱਤਰ ਸ਼ਹਿਰ, ਅੰਮ੍ਰਿਤਸਰ ਵਿੱਚ ਸਥਿਤ, ਇਹ ਮੰਦਰ ਦੇਖਣ ਲਈ ਇੱਕ ਸ਼ਾਨਦਾਰ ਦ੍ਰਿਸ਼ ਹੈ। ਇਹ ਸ਼ਾਂਤ ਅੰਮ੍ਰਿਤ ਸਰੋਵਰ, ਇੱਕ ਪਵਿੱਤਰ ਝੀਲ ਦੇ ਮੱਧ ਵਿੱਚ ਸਥਿਤ ਹੈ। ਗੋਲਡਨ ਟੈਂਪਲ ਦੀ ਸ਼ਾਨਦਾਰ ਆਰਕੀਟੈਕਚਰ, ਸੋਨੇ ਅਤੇ ਸੰਗਮਰਮਰ ਨਾਲ ਸ਼ਿੰਗਾਰੀ, ਸਿੱਖ ਕਾਰੀਗਰੀ ਦਾ ਸੱਚਾ ਪ੍ਰਮਾਣ ਹੈ। ਇਸਦੀ ਗੁੰਝਲਦਾਰ ਨੱਕਾਸ਼ੀ ਅਤੇ ਈਥਰਿਅਲ ਆਭਾ ਇਸ ਨੂੰ ਇੱਕ ਅਧਿਆਤਮਿਕ ਪ੍ਰਤੀਕ ਅਤੇ ਇੱਕ ਪ੍ਰਮੁੱਖ ਸੈਲਾਨੀ ਆਕਰਸ਼ਣ ਬਣਾਉਂਦੀ ਹੈ, ਦੁਨੀਆ ਦੇ ਹਰ ਕੋਨੇ ਤੋਂ ਸੈਲਾਨੀਆਂ ਨੂੰ ਖਿੱਚਦੀ ਹੈ।



ਅੰਮ੍ਰਿਤਸਰ ਰਾਹੀਂ ਆਪਣੀ ਅਧਿਆਤਮਿਕ ਯਾਤਰਾ ਜਾਰੀ ਰੱਖਦੇ ਹੋਏ, ਅਸੀਂ ਦੁਰਗਿਆਣਾ ਮੰਦਿਰ ਪਹੁੰਚਦੇ ਹਾਂ। ਦੇਵੀ ਦੁਰਗਾ ਨੂੰ ਸਮਰਪਿਤ ਇਹ ਸ਼ਾਨਦਾਰ ਅਸਥਾਨ, ਹਰਿਮੰਦਰ ਸਾਹਿਬ ਦੀ ਇਮਾਰਤਸਾਜ਼ੀ ਦੀ ਸ਼ਾਨ ਨੂੰ ਗੂੰਜਦਾ ਹੈ। ਸੋਨੇ ਅਤੇ ਸੰਗਮਰਮਰ ਨਾਲ ਸਜਿਆ ਇਹ ਮੰਦਰ ਦੇਖਣਯੋਗ ਹੈ। ਸ਼ਰਧਾਲੂ ਇੱਥੇ ਆਸ਼ੀਰਵਾਦ ਲੈਣ ਆਉਂਦੇ ਹਨ, ਅਤੇ ਮੰਦਰ ਦੀ ਪਵਿੱਤਰ ਆਭਾ ਉਨ੍ਹਾਂ ਦੀਆਂ ਰੂਹਾਂ ਨੂੰ ਸਕੂਨ ਪ੍ਰਦਾਨ ਕਰਦੀ ਹੈ।



ਅੰਮ੍ਰਿਤਸਰ ਤੋਂ ਦੂਰ ਚਲਦੇ ਹੋਏ, ਅਸੀਂ ਚੰਡੀਗੜ੍ਹ ਦੇ ਨੇੜੇ ਇੱਕ ਸ਼ਹਿਰ ਪੰਚਕੂਲਾ ਜਾਂਦੇ ਹਾਂ, ਜਿੱਥੇ ਮਾਤਾ ਮਨਸਾ ਦੇਵੀ ਮੰਦਿਰ ਸਾਡੀ ਉਡੀਕ ਕਰ ਰਿਹਾ ਹੈ। ਪੰਜਾਬ ਦੇ ਚੋਟੀ ਦੇ ਇਤਿਹਾਸਕ ਮੰਦਰਾਂ ਵਿੱਚੋਂ, ਇਹ ਮੰਦਿਰ ਸ਼ਿਵਾਲਿਕ ਪਹਾੜਾਂ ਦੀਆਂ ਪਹਾੜੀਆਂ 'ਤੇ ਸਥਿਤ ਹੈ ਅਤੇ ਸ਼ਕਤੀ ਦੇ ਇੱਕ ਰੂਪ, ਦੇਵੀ ਮਨਸਾ ਦੇਵੀ ਨੂੰ ਸ਼ਰਧਾਂਜਲੀ ਹੈ। ਤੀਰਥ ਯਾਤਰੀ ਇਸ ਬ੍ਰਹਮ ਨਿਵਾਸ ਲਈ ਭੀੜ ਕਰਦੇ ਹਨ, ਖਾਸ ਤੌਰ 'ਤੇ ਜੀਵੰਤ ਨਵਰਾਤਰੀ ਤਿਉਹਾਰ ਦੌਰਾਨ, ਖੁਸ਼ਹਾਲੀ ਅਤੇ ਤੰਦਰੁਸਤੀ ਲਈ ਦੇਵੀ ਦਾ ਆਸ਼ੀਰਵਾਦ ਮੰਗਦੇ ਹਨ।

ਜਿਵੇਂ ਕਿ ਸਾਡੀ ਯਾਤਰਾ ਜਾਰੀ ਹੈ, ਅਸੀਂ ਜਲੰਧਰ ਪਹੁੰਚਦੇ ਹਾਂ, ਇੱਕ ਰੂਹਾਨੀਅਤ ਨਾਲ ਗੂੰਜਦਾ ਸ਼ਹਿਰ। ਦੇਵੀ ਦੇਵੀ ਨੂੰ ਸਮਰਪਿਤ, ਇਸ ਮੰਦਿਰ ਦੀ ਪਵਿੱਤਰ ਆਭਾ ਇੱਕ ਸ਼ਾਂਤ ਝੀਲ ਦੇ ਆਲੇ ਦੁਆਲੇ ਵਿਲੱਖਣ ਸੈਟਿੰਗ ਦੁਆਰਾ ਉੱਚੀ ਕੀਤੀ ਗਈ ਹੈ। ਪੁਰਾਤਨਤਾ ਵਿੱਚ ਡੂੰਘੀਆਂ ਜੜ੍ਹਾਂ ਨਾਲ, ਮੰਦਰ ਵਿਸ਼ਵਾਸ ਅਤੇ ਇਤਿਹਾਸ ਦੀ ਇੱਕ ਟੇਪਸਟਰੀ ਬੁਣਦਾ ਹੈ। ਤੀਰਥ ਯਾਤਰੀ ਅਤੇ ਖੋਜੀ ਇਸ ਦੇ ਪਵਿੱਤਰ ਮੈਦਾਨ ਵੱਲ ਖਿੱਚੇ ਜਾਂਦੇ ਹਨ, ਜਿੱਥੇ ਪ੍ਰਾਰਥਨਾਵਾਂ ਦੀਆਂ ਗੂੰਜਾਂ ਝੀਲ ਦੀਆਂ ਕੋਮਲ ਲਹਿਰਾਂ ਨਾਲ ਰਲਦੀਆਂ ਹਨ। ਦੇਵੀ ਤਾਲਾਬ ਮੰਦਿਰ ਇੱਕ ਸਦੀਵੀ ਅਸਥਾਨ ਹੈ ਜੋ ਕਿ ਜਲੰਧਰ ਦੇ ਅਧਿਆਤਮਿਕ ਤੱਤ ਨੂੰ ਸਮੇਟਦਾ ਹੈ, ਜੋ ਕਿ ਬ੍ਰਹਮ ਸਬੰਧ ਦੀ ਭਾਲ ਵਿੱਚ ਰਹਿਣ ਵਾਲਿਆਂ ਲਈ ਇੱਕ ਪਨਾਹਗਾਹ ਹੈ।





ਭਾਵੇਂ ਕਿ ਅੰਮ੍ਰਿਤਸਰ, ਪੰਜਾਬ ਦੇ ਨੇੜੇ ਪਰੰਪਰਾਗਤ ਮੰਦਰਾਂ ਵਿੱਚੋਂ ਨਹੀਂ, ਅਕਾਲ ਤਖ਼ਤ ਬਹੁਤ ਅਧਿਆਤਮਿਕ ਮਹੱਤਵ ਰੱਖਦਾ ਹੈ। ਸਭ ਤੋਂ ਉੱਚੀ ਅਸਥਾਈ ਸੀਟ ਵਜੋਂ, ਇਹ ਪਵਿੱਤਰਤਾ ਅਤੇ ਇਤਿਹਾਸ ਨੂੰ ਉਜਾਗਰ ਕਰਦਾ ਹੈ। 17ਵੀਂ ਸਦੀ ਵਿੱਚ ਸੰਗਮਰਮਰ ਅਤੇ ਲੱਕੜ ਤੋਂ ਤਿਆਰ ਕੀਤਾ ਗਿਆ ਇਹ ਤਖ਼ਤ ਸਿੱਖ ਸ਼ਕਤੀਆਂ ਦੀ ਅਡੋਲ ਭਾਵਨਾ ਦਾ ਪ੍ਰਤੀਕ ਹੈ। ਸਦੀਆਂ ਦਾ ਇੱਕ ਖਾਮੋਸ਼ ਗਵਾਹ, ਇਹ ਇੱਕ ਭਾਈਚਾਰੇ ਦੀ ਸ਼ਰਧਾ ਅਤੇ ਬਹਾਦਰੀ ਨੂੰ ਦਰਸਾਉਂਦਾ ਹੈ, ਇਸ ਨੂੰ ਦੁਨੀਆ ਭਰ ਦੇ ਸਿੱਖਾਂ ਲਈ ਸਭ ਤੋਂ ਪਵਿੱਤਰ ਅਸਥਾਨ ਪ੍ਰਦਾਨ ਕਰਦਾ ਹੈ।

ਪੰਜਾਬ ਦੇ ਜੀਵੰਤ ਰਾਜ ਦੇ ਅੰਦਰ ਸਥਿਤ, ਮਾਤਾ ਲਾਲ ਦੇਵੀ ਮੰਦਿਰ ਅਧਿਆਤਮਿਕ ਲੁਭਾਉਣ ਅਤੇ ਆਰਕੀਟੈਕਚਰਲ ਸੁੰਦਰਤਾ ਦੇ ਇੱਕ ਪ੍ਰਕਾਸ਼ ਵਜੋਂ ਖੜ੍ਹਾ ਹੈ। ਇਹ ਪਵਿੱਤਰ ਅਸਥਾਨ, ਸਤਿਕਾਰਯੋਗ ਦੇਵੀ ਲਾਲ ਦੇਵੀ ਨੂੰ ਸਮਰਪਿਤ ਹੈ, ਸ਼ਰਧਾਲੂਆਂ ਅਤੇ ਉਤਸੁਕ ਯਾਤਰੀਆਂ ਨੂੰ ਇੱਕੋ ਜਿਹਾ ਮੋਹ ਲੈਂਦਾ ਹੈ। ਮੰਦਿਰ ਦਾ ਗੁੰਝਲਦਾਰ ਡਿਜ਼ਾਇਨ, ਰਵਾਇਤੀ ਪੰਜਾਬੀ ਅਤੇ ਸਮਕਾਲੀ ਸ਼ੈਲੀਆਂ ਦੇ ਸੁਮੇਲ ਨੂੰ ਦਰਸਾਉਂਦਾ ਹੈ, ਖੇਤਰ ਦੀ ਅਮੀਰ ਸੱਭਿਆਚਾਰਕ ਟੇਪਸਟਰੀ ਨੂੰ ਦਰਸਾਉਂਦਾ ਹੈ।



ਅੰਮ੍ਰਿਤਸਰ ਸਾਨੂੰ ਪੰਜਾਬ ਦੇ ਹੋਰ ਪ੍ਰਸਿੱਧ ਸਿੱਖ ਮੰਦਰਾਂ ਦੇ ਵਿਚਕਾਰ ਸ਼੍ਰੀ ਕ੍ਰਿਸ਼ਨ ਮੰਦਰ, ਭਗਵਾਨ ਕ੍ਰਿਸ਼ਨ ਨੂੰ ਸਮਰਪਿਤ ਇੱਕ ਹਿੰਦੂ ਮੰਦਰ ਨਾਲ ਮੋਹਿਤ ਕਰਦਾ ਰਹਿੰਦਾ ਹੈ। ਜੋ ਚੀਜ਼ ਇਸ ਮੰਦਰ ਨੂੰ ਵਿਲੱਖਣ ਬਣਾਉਂਦੀ ਹੈ ਉਹ ਸੇਵਾ ਅਤੇ ਸ਼ਰਧਾ ਦੀ ਭਾਵਨਾ ਨੂੰ ਦਰਸਾਉਂਦੇ ਹੋਏ, ਵਿਸ਼ੇਸ਼ ਮੌਕਿਆਂ 'ਤੇ ਸ਼ਰਧਾਲੂਆਂ ਨੂੰ ਮੁਫਤ ਲੰਗਰ (ਸਮੁਦਾਇਕ ਭੋਜਨ) ਦੀ ਪੇਸ਼ਕਸ਼ ਕਰਨ ਦੀ ਪਰੰਪਰਾ ਹੈ।



ਪੰਜਾਬ ਦੇ ਹਲਚਲ ਵਾਲੇ ਸ਼ਹਿਰ ਪਟਿਆਲਾ ਦੇ ਵਿਚਕਾਰ ਸਥਿਤ, ਕਾਲੀ ਮਾਤਾ ਮੰਦਿਰ ਸ਼ਰਧਾ ਅਤੇ ਕਲਾਤਮਕ ਮੇਲ-ਮਿਲਾਪ ਦੀ ਇੱਕ ਕਮਾਲ ਦੇ ਰੂਪ ਵਿੱਚ ਉੱਭਰਦਾ ਹੈ। ਇਹ ਹਿੰਦੂ ਮੰਦਿਰ, ਕਾਲੀ ਦੇਵੀ ਨੂੰ ਸਮਰਪਿਤ ਹੈ, ਧਰਮਾਂ ਦੀ ਸਦਭਾਵਨਾਪੂਰਣ ਸਹਿ-ਹੋਂਦ ਦਾ ਪ੍ਰਮਾਣ ਹੈ। 1936 ਵਿੱਚ ਸਿੱਖ ਮਹਾਰਾਜਾ ਭੁਪਿੰਦਰ ਸਿੰਘ ਦੀ ਰਚਨਾ, ਮੰਦਰ ਦੀ ਸ਼ੁਰੂਆਤ ਸੱਭਿਆਚਾਰਕ ਸਤਿਕਾਰ ਦੇ ਇੱਕ ਯੁੱਗ ਵਿੱਚ ਕੀਤੀ ਗਈ ਹੈ। ਮੱਧ ਪ੍ਰਦੇਸ਼ ਦੇ ਖਜੂਰਾਹੋ ਮੰਦਰਾਂ ਦੀ ਗੁੰਝਲਦਾਰ ਸੁੰਦਰਤਾ ਨੂੰ ਦਰਸਾਉਂਦੇ ਹੋਏ, ਇਸਦੀ ਆਰਕੀਟੈਕਚਰਲ ਲੁਭਾਉਣੀ ਸੀਮਾਵਾਂ ਤੋਂ ਪਾਰ ਹੈ। ਜਿਵੇਂ ਹੀ ਕੋਈ ਇੱਕ ਉੱਦਮ ਕਰਦਾ ਹੈ, ਉਹ ਇੱਕ ਪਵਿੱਤਰ ਅਸਥਾਨ ਦੁਆਰਾ ਗਲੇ ਲੱਗ ਜਾਂਦੇ ਹਨ ਜੋ ਸਦੀਆਂ ਦੀ ਸ਼ਰਧਾ ਨਾਲ ਗੂੰਜਦਾ ਹੈ, ਜਿੱਥੇ ਬ੍ਰਹਮ ਕਲਾ ਦੀਆਂ ਪੇਚੀਦਗੀਆਂ ਨੂੰ ਪੂਰਾ ਕਰਦਾ ਹੈ। ਇੱਕ ਸਤਿਕਾਰਤ ਤੀਰਥ ਸਥਾਨ, ਕਾਲੀ ਮਾਤਾ ਮੰਦਰ ਹਿੰਦੂਆਂ ਨੂੰ ਇੱਕ ਭਰਪੂਰ ਅਧਿਆਤਮਿਕ ਅਨੁਭਵ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦਾ ਹੈ, ਵਰਤਮਾਨ ਨੂੰ ਇੱਕ ਪੁਰਾਣੇ ਅਤੀਤ ਨਾਲ ਜੋੜਦਾ ਹੈ।



ਅੰਮ੍ਰਿਤਸਰ ਵਿੱਚ ਸਾਡੀ ਅਧਿਆਤਮਿਕ ਖੋਜ ਸਾਨੂੰ ਜੁਲਫਾ ਮਾਤਾ ਮੰਦਰ ਵੱਲ ਲੈ ਜਾਂਦੀ ਹੈ। ਪੰਜਾਬ ਦੇ ਸਭ ਤੋਂ ਪ੍ਰਾਚੀਨ ਮੰਦਰਾਂ ਵਿੱਚੋਂ ਇੱਕ, ਜੋ ਦੇਵੀ ਜੁਲਫਾ ਮਾਤਾ ਨੂੰ ਸਮਰਪਿਤ ਹੈ, ਨੂੰ 51 ਸ਼ਕਤੀ ਪੀਠਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜਿੱਥੇ ਮੰਨਿਆ ਜਾਂਦਾ ਹੈ ਕਿ ਇਹ ਦੇਵੀ ਸਤੀ ਦਾ ਇੱਕ ਹਿੱਸਾ ਡਿੱਗਿਆ ਸੀ। ਮੰਦਰ ਦੀ ਪੁਰਾਤਨਤਾ ਅਤੇ ਬ੍ਰਹਮ ਆਭਾ ਇਸ ਨੂੰ ਹਿੰਦੂਆਂ ਲਈ ਇੱਕ ਪ੍ਰਮੁੱਖ ਤੀਰਥ ਸਥਾਨ ਬਣਾਉਂਦੀ ਹੈ।





ਸਾਡੀ ਯਾਤਰਾ ਫਤਿਹਗੜ੍ਹ ਸਾਹਿਬ ਵਿੱਚ ਸਮਾਪਤ ਹੁੰਦੀ ਹੈ, ਜਿੱਥੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਸਾਡੀ ਉਡੀਕ ਕਰ ਰਿਹਾ ਹੈ। ਸਿੱਖ ਧਰਮ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਇਹ ਗੁਰਦੁਆਰਾ 17ਵੀਂ ਸਦੀ ਤੋਂ ਸ਼ਰਧਾ ਅਤੇ ਹਿੰਮਤ ਦੇ ਪ੍ਰਤੀਕ ਵਜੋਂ ਖੜ੍ਹਾ ਹੈ। ਇਹ ਸਿੱਖਾਂ ਲਈ ਇੱਕ ਸਤਿਕਾਰਤ ਤੀਰਥ ਸਥਾਨ ਬਣਿਆ ਹੋਇਆ ਹੈ, ਜੋ ਉਹਨਾਂ ਦੇ ਵਿਸ਼ਵਾਸ ਅਤੇ ਲਚਕੀਲੇਪਣ ਦਾ ਪ੍ਰਮਾਣ ਹੈ।